ਸਰਕਾਰ ਦਾ ਦਾਅਵਾ ਹੈ ਕਿ ਇਨ੍ਹਾਂ ਤਬਦੀਲੀਆਂ ਨਾਲ 18 ਮਹੀਨਿਆਂ ਦੇ ਅੰਦਰ ਅੰਦਰ ਪੂਰੇ ਫੰਡ ਵਾਲੀਆਂ ਸੇਵਾਵਾਂ ਲਈ ਉਡੀਕ ਸੂਚੀ ਖਤਮ ਹੋ ਜਾਵੇਗੀ। ਇਸ ਦੇ ਨਾਲ ਹੀ ਆਟੀਜ਼ਮ ਤੋਂ ਪ੍ਰਭਾਵਿਤ ਸਾਰੇ ਬੱਚਿਆਂ ਨੂੰ ਬਰਾਬਰ ਫੰਡ ਹਾਸਲ ਹੋਇਆ ਕਰਨਗੇ। ਇਸ ਪ੍ਰੋਗਰਾਮ ਵਿੱਚ ਸਰਕਾਰ ਪਹਿਲੀ ਅਪਰੈਲ ਤੋਂ ਤਬਦੀਲੀਆਂ ਕਰਨ ਜਾ ਰਹੀ ਹੈ।

## ਚੋਣਾਂ ਦੇ ਵਕਤ 'ਬਿਮਾਰ' ਹੋਏ ਮੁਲਾਜ਼ਮ ਦਾ ਮੈਡੀਕਲ ਕਰਾਇਆ ਜਾਵੇਗਾ

ਜਲੰਧਰ, 14 ਮਾਰਚ (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਵਿੱਚ ਡਿਊਟੀ ਹਟਾਉਣ ਲਈ ਇਸ ਵਾਰੀ ਬਹਾਨੇਬਾਜ਼ੀ ਨਹੀਂ ਚੱਲੇਗੀ ਅਤੇ ਝੂਠੀ ਮੈਡੀਕਲ ਰਿਪੋਰਟ 'ਤੇ ਕਾਰਵਾਈ ਹੋ ਸਕਦੀ ਹੈ। ਜੇ ਬਿਮਾਰੀ ਹੈ ਤੇ ਉਸ ਵਿੱਚ ਛੁੱਟੀ ਦੀ ਲੋੜ ਹੈ ਤਾਂ ਮੈਡੀਕਲ ਬੋਰਡ ਇਸ ਦੀ ਪੁਸ਼ਟੀ ਕਰੇਗਾ।
ਡਿਪਟੀ ਕਮਿਸ਼ਨਰ ਕਮ-ਜ਼ਿਲ੍ਹਾ ਚੋਣ ਅਧਿਕਾਰੀ ਵਰਿੰਦਰ ਕੁਮਾਰ ਸ਼ਰਮਾ ਨੇ ਛੇ ਮੈਂਬਰੀ ਮੈਡੀਕਲ ਬੋਰਡ ਗਠਿਤ ਕੀਤਾ ਹੈ। ਚੋਣ ਡਿਊਟੀ ਦੇ ਦੌਰਾਨ ਛੁੱਟੀ ਮੰਗਣ ਵਾਲਿਆਂ ਨੂੰ ਇਸ ਬੋਰਡ ਮੂਹਰੇ ਪੇਸ਼ ਹੋਣਾ ਪਵੇਗਾ, ਕਿਉਂਕਿ ਅੱਜ ਕੱਲ੍ਹ ਚੋਣ ਡਿਊਟੀ ਤੋਂ ਛੋਟ ਮੰਗਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ। ਡੀ ਸੀ ਨੇ ਕਿਹਾ ਕਿ ਮੈਡੀਕਲ ਬੋਰਡ ਬਣਾਉਣ ਦਾ ਮਕਸਦ ਜ਼ਰੂਰਤ ਵਾਲਿਆਂ ਨੂੰ ਮੁਸ਼ਕਲ ਤੋਂ ਬਚਾਉਣਾ ਹੈ ਅਤੇ ਜੋ ਲੋਕ ਸੱਚਮੁਚ ਛੋਟ ਦੇ ਹੱਕਦਾਰ ਹਨ, ਉਨ੍ਹਾਂ ਨੂੰ ਪ੍ਰੇਸ਼ਾਨ ਨਹੀਂ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਅਜਿਹੀ ਕੋਈ ਸਮੱਸਿਆ ਨਹੀਂ, ਪਰ ਚੋਣ ਡਿਊਟੀ ਤੋਂ ਬਚਣ ਲਈ ਬਹਾਨੇ ਬਣਾ ਰਹੇ ਹਨ, ਉਨ੍ਹਾਂ ਉੱਤੇ ਸ਼ਿਕੰਜਾ ਕੱਸਿਆ ਜਾ ਸਕੇਗਾ। ਉਨ੍ਹਾਂ ਨੇ ਸਪੱਸ਼ਟ ਚਿਤਾਵਨੀ ਦਿੱਤੀ ਕਿ ਜੋ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਦੇ ਖਿਲਾਫ ਸਖਤ ਐਕਸ਼ਨ ਲਿਆ ਜਾਏਗਾ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਵਿਧਾਇਕ ਸੁਖਪਾਲ ਭੁੱਲਰ ਅਤੇ ਵਿਰਸਾ ਸਿੰਘ ਵਲਟੋਹਾ ਦੀ ਗ੍ਰਿਫ਼ਤਾਰੀ ਦੀ ਮੰਗ

### 'ਆਪ' ਦੇ ਵਫ਼ਦ ਨੇ ਆਈਜੀ ਬਾਰਡਰ ਰੇਂਜ ਨਾਲ ਕੀਤੀ ਮੁਲਾਕਾਤ





ਅੰਮ੍ਰਿਤਸਰ, 14 ਮਾਰਚ (ਗਿਆਨ ਸਿੰਘ): ਪਿਛਲੇ ਦਿਨੀਂ ਹਲਕਾ ਖੇਮਕਰਨ ਨਾਲ ਸਬੰਧਿਤ ਕਾਂਗਰਸੀ ਆਗੂ ਸਾਰਜ ਸਿੰਘ ਦਾਸੂਵਾਲ ਤੋਂ ਹੋਈ ਨਸ਼ੇ (ਹੀਰੋਇਨ) ਦੀ ਬਰਾਮਦਗੀ ਦੇ ਮੁੱਦੇ 'ਤੇ ਖੇਮਕਰਨ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਭੁੱਲਰ ਅਤੇ ਸਾਬਕਾ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਅੱਜ ਆਮ ਆਦਮੀ ਪਾਰਟੀ ਦੀ ਮਾਝਾ ਜ਼ੋਨ ਲੀਡਰਸ਼ਿਪ ਨੇ ਮਾਝਾ ਜ਼ੋਨ ਦੇ ਪ੍ਰਧਾਨ ਅਤੇ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਆਈਜੀ ਬਾਰਡਰ ਰੇਂਜ ਪਰਮਾਰ ਨੂੰ ਮਿਲਿਆ।
ਇਸ ਮੌਕੇ ਆਮ ਆਦਮੀ ਪਾਰਟੀ ਦੇ ਵਫ਼ਦ ਵੱਲੋਂ ਆਈਜੀ ਪਰਮਾਰ ਨੂੰ ਇੱਕ ਮੈਮੋਰੰਡਮ ਦਿੱਤਾ ਗਿਆ। ਜਿਸ ਵਿੱਚ ਮੰਗ ਕੀਤੀ ਕਿ ਗਈ ਇਸ ਮੁੱਦੇ ਤੇ ਸੀਬੀਆਈ ਜਾਂਚ ਕਰਵਾਈ ਜਾਵੇ ਅਤੇ ਇਸ ਜਾਂਚ ਵਿੱਚ ਵਿਧਾਇਕ ਸੁਖਪਾਲ ਭੁੱਲਰ ਅਤੇ ਵਿਰਸਾ ਸਿੰਘ ਵਲਟੋਹਾ ਦਾ ਨਾਮ ਸ਼ਾਮਿਲ ਕਰਦੇ ਹੋਏ ਇਹਨਾਂ ਦੋਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਇਸ ਮੌਕੇ ਧਾਲੀਵਾਲ ਨੇ ਕਿਹਾ ਕਿ ਦੋਸ਼ੀ ਸਾਰਜ ਸਿੰਘ ਦਾਸੂਵਾਲ ਦੇ ਇਹਨਾਂ ਕਾਂਗਰਸੀ ਅਤੇ ਅਕਾਲੀ ਨੇਤਾਵਾਂ ਨਾਲ ਰਿਸ਼ਤੇ ਜੱਗ ਜ਼ਾਹਿਰ ਹਨ। ਮੌਜੂਦਾ ਕਾਂਗਰਸੀ ਵਿਧਾਇਕ ਦੀ ਸ਼ਹਿ 'ਤੇ ਹੀ ਸਾਰਜ ਸਿੰਘ ਨੂੰ ਬਿਨਾਂ ਚੋਣ ਤੋਂ ਸਰਪੰਚ ਬਣਾ ਦਿੱਤਾ ਗਿਆ ਸੀ। ਇੱਥੇ ਹੀ ਬਸ ਨਹੀਂ ਬੀਤੇ ਸਾਲ 08 ਸਤੰਬਰ ਨੂੰ ਸਾਰਜ ਸਿੰਘ ਵੱਲੋਂ ਅਮਰਕੋਟ ਚੌਂਕ ਵਿੱਚ ਮੌਜੂਦ ਪੁਲਿਸ ਪਾਰਟੀ 'ਤੇ ਆਪਣੀ ਗੱਡੀ ਚੜ੍ਹਾ ਦਿੱਤੀ ਸੀ। ਉਸ ਵੇਲੇ ਵੀ ਸੁਖਪਾਲ ਭੁੱਲਰ ਨੇ ਆਪਣਾ ਸਿਆਸੀ ਰਸੂਖ਼ ਵਰਤ ਕੇ ਪਰਚੇ ਵਿਚੋਂ ਇਸ ਦਾ ਨਾਮ ਕਢਵਾ ਕੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਵਾਇਆ ਸੀ। ਧਾਲੀਵਾਲ ਨੇ ਕਿਹਾ ਕਿ ਉਸ ਮੁੱਦੇ ਦੀ ਵੀ ਜਾਂਚ ਕੀਤੀ ਜਾਵੇ ।
ਧਾਲੀਵਾਲ ਨੇ ਕਿਹਾ ਕਿ ਨਸ਼ੇ ਦੀ ਖ਼ਾਤਮੇ ਦੀ ਗੱਲ ਕਰਨ ਵਾਲੀ ਕੈਪਟਨ ਸਰਕਾਰ ਦੇ ਆਪਣੇ ਵਿਧਾਇਕ ਇਸ ਵਪਾਰ ਵਿੱਚ ਸ਼ਾਮਿਲ ਹੋ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਕਾਰਵਾਈ ਨਾ ਕੀਤੀ ਗਈ ਤਾਂ ਆਮ ਆਦਮੀ ਪਾਰਟੀ ਇਸ ਮੁੱਦੇ 'ਤੇ ਸੰਘਰਸ਼ ਹੋਰ ਤੇਜ਼ ਕਰੇਗੀ। ਇਸ ਮੌਕੇ ਕੁਲਦੀਪ ਧਾਲੀਵਾਲ ਤੋਂ ਇਲਾਵਾ ਹਲਕਾ ਇੰਚਾਰਜ ਰਣਜੀਤ ਸਿੰਘ ਚੀਮਾ, ਭੁਪਿੰਦਰ ਸਿੰਘ ਬਿੱਟੂ, ਦਲਬੀਰ ਸਿੰਘ ਟੌਂਗ, ਡਾ ਇੰਦਰਪਾਲ, ਮਨੀਸ਼ ਅਗਰਵਾਲ, ਮਾਝਾ ਜ਼ੋਨ ਦੇ ਉਪ ਪ੍ਰਧਾਨ ਪਰਮਜੀਤ ਸ਼ਰਮਾ, ਸੀਨੀਅਰ ਆਗੂ ਰਜਿੰਦਰ ਪਲਾਹ, ਵੇਦ ਪ੍ਰਕਾਸ਼ ਬੱਬਲੂ ਅਤੇ ਅਸ਼ੋਕ ਤਲਵਾਰ ਆਦਿ

## ਮਜ਼ਬੂਤ ਅਰਥਚਾਰੇ ਕਾਰਨ ਲਿਬਰਲਾਂ ਨੂੰ ਚੋਣਾਂ ਵਿੱਚ ਖਰਚਣ ਨੂੰ ਮਿਲੇਗੀ ਵਾਧੂ ਰਕਮ

ਓਟਵਾ, 14 ਮਾਰਚ (ਪੋਸਟ ਬਿਊਰੋ) : ਅਰਥਚਾਰੇ ਵਿੱਚ ਹੋਏ ਸੁਧਾਰ ਨਾਲ ਟਰੂਡੋ ਸਰਕਾਰ ਨੂੰ ਅਗਲੇ ਹਫਤੇ ਪੇਸ਼ ਕੀਤੇ ਜਾਣ ਵਾਲੇ ਬਜਟ ਲਈ ਹੱਥ ਖੁੱਲ੍ਹਾ ਰੱਖਣ ਦਾ ਥੋੜ੍ਹਾ ਹੋਰ ਮੌਕਾ ਮਿਲ ਜਾਵੇਗਾ। ਪਰ 2018 ਦੇ ਅਖੀਰ ਵਿੱਚ ਅਰਥਚਾਰੇ ਵਿੱਚ ਰਹੀ ਅਸਥਿਰਤਾ ਕਾਰਨ ਅਕਤੂਬਰ ਵਿੱਚ ਹੋਣ ਜਾ ਰਹੀਆਂ ਚੋਣਾਂ ਵਿੱਚ ਤਸਵੀਰ ਬਦਲ ਵੀ ਸਕਦੀ ਹੈ।
2018 ਦੇ ਆਖਰੀ ਤਿੰਨ ਮਹੀਨਿਆਂ ਵਿੱਚ ਆਰਥਿਕ ਵਿਕਾਸ ਸਬੰਧੀ ਅਚਾਨਕ ਕੀਤੇ ਗਏ ਸਕਾਰਾਤਮਕ ਐਲਾਨ ਨੇ ਇਸ ਸਾਲ ਲਈ ਨਜ਼ਰੀਏ ਨੂੰ ਮੱਠਾ ਕਰ ਦਿੱਤਾ। ਪਿਛਲੇ ਹਫਤੇ ਬੈਂਕ ਆਫ ਕੈਨੇਡਾ ਨੇ 2019 ਦੇ ਪਹਿਲੇ ਮੱਧ ਵਿੱਚ ਅਰਥਚਾਰੇ ਦੇ ਕਮਜ਼ੋਰ ਰਹਿਣ ਦੀ ਪੇਸ਼ੀਨਿਗੋਈ ਕੀਤੀ ਸੀ। ਪਰ ਫਿਰ ਵੀ ਅਰਥਚਾਰੇ ਨੇ ਪਿਛਲੇ ਸਾਲ ਦੇ ਆਖਰੀ ਹਿੱਸੇ ਦੇ ਚੰਗੇ ਅੰਕੜੇ ਪੇਸ਼ ਕੀਤੇ ਤੇ ਰੋਜ਼ਗਾਰ ਦੀ ਹਾਲਤ ਵੀ ਕਾਫੀ ਵਧੀਆ ਹੈ। ਕੁੱਝ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਲਿਬਰਲਾਂ ਨੂੰ ਕਈ ਬਿਲੀਅਨ ਡਾਲਰ ਬਜਟ ਵਿੱਚ ਜੋੜਨ ਦਾ ਮੌਕਾ ਮਿਲ ਜਾਵੇਗਾ।
ਇਸ ਵਾਧੂ ਪੈਸੇ ਨਾਲ, ਆਉਣ ਵਾਲੇ ਔਖੇ ਸਮੇਂ ਤੇ ਕੁੱਝ ਦੂਰੀ ਉੱਤੇ ਪਹੁੰਚੀਆਂ ਫੈਡਰਲ ਚੋਣਾਂ ਦੇ ਮੱਦੇਨਜ਼ਰ ਸਰਕਾਰ ਇਹ ਤਰਕ ਪੇਸ਼ ਕਰ ਸਕਦੀ ਹੈ ਕਿ ਅਰਥਚਾਰੇ ਨੂੰ ਸਥਿਰ ਹੋਣ ਦੀ ਲੋੜ ਹੈ। ਸਕੋਸ਼ੀਆਬੈਂਕ ਦੇ ਚੀਫ ਇਕਨ-ਾਮਿਸਟ ਜੀਨ ਫਰੈਂਕੋਇਸ ਪੇਰਾਲ ਨੇ ਆਖਿਆ ਕਿ ਪਿਛਲੇ ਸਾਲ ਜੇ ਸਰਕਾਰ ਦੇ ਸ਼ਾਹੀ ਖਰਚਿਆਂ ਉੱਤੇ ਨਜ਼ਰ ਮਾਰੀ ਜਾਵੇ ਤਾਂ ਇਹ ਆਖਿਆ ਜਾ ਸਕਦਾ ਹੈ ਕਿ ਫੈਡਰਲ ਸਰਕਾਰ ਕੋਲ ਚੋਣਾਂ ਤੋਂ ਪਹਿਲਾਂ ਖਰਚਣ ਲਈ 5 ਬਿਲੀਅਨ ਡਾਲਰ ਤੋਂ ਵੱਧ ਦੀ ਰਕਮ ਹੋਵੇਗੀ।
ਸੀਆਈਬੀਸੀ ਦੇ ਚੀਫ ਇਕਨੌਮਿਸਟ ਐਵਰੀ ਸੇਨਫੀਲਡ ਵੀ ਲਿਬਰਲਾਂ ਨੂੰ ਇਸ ਸਮੇਂ ਮਜ਼ਬੂਤ ਵਿੱਤੀ ਸਥਿਤੀ ਵਿੱਚ ਮੰਨਦੇ ਹਨ ਪਰ ਉਨ੍ਹਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹ ਉਨ੍ਹਾਂ ਲਈ ਮਹਿੰਗਾ ਪੈ ਸਕਦਾ ਹੈ।




## ਟਿਕਟਾਂ ਦਾ ਫੈਸਲਾ ਕਰਨ ਲਈ ਕਾਂਗਰਸ ਦੀ ਕੇਂਦਰੀ ਚੋਣ ਕਮੇਟੀ ਦੀ ਬੈਠਕ 16 ਨੂੰ

ਜਲੰਧਰ, 14 ਮਾਰਚ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੀ ਕੇਂਦਰੀ ਚੋਣ ਕਮੇਟੀ ਦੀ ਬੈਠਕ 16 ਮਾਰਚ ਨੂੰ ਦਿੱਲੀ ਵਿੱਚ ਯੂ ਪੀ ਏ ਚੇਅਰਪਰਸਨ ਸੋਨੀਆ ਗਾਂਧੀ ਦੀ ਰਿਹਾਇਸ਼ ਵਿਖੇ ਰੱਖੀ ਗਈ ਹੈ। ਪਹਿਲਾਂ ਇਹ ਚਰਚੇ ਸਨ ਕਿ ਸ਼ਾਇਦ ਇਹ ਬੈਠਕ 14 ਮਾਰਚ ਨੂੰ ਹੋਵੇਗੀ, ਪਰ ਕੱਲ੍ਹ ਅਧਿਕਾਰਕ ਤੌਰ ਉਤੇ ਕੇਂਦਰੀ ਚੋਣ ਕਮੇਟੀ ਦੇ ਮੈਂਬਰਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਬੈਠਕ 16 ਮਾਰਚ ਨੂੰ ਬੁਲਾਈ ਗਈ ਹੈ।
ਇਸ ਸੰਬੰਧ ਵਿੱਚ ਕਾਂਗਰਸੀ ਸੂਤਰਾਂ ਦਾ ਕਹਿਣਾ ਹੈ ਕਿ ਬੈਠਕ ਵਿੱਚ ਹਿੱਸਾ ਲੈਣ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਨੂੰ ਸੱਦਿਆ ਗਿਆ ਹੈ। ਪਤਾ ਲੱਗਾ ਹੈ ਕਿ ਇਸ ਬੈਠਕ ਵਿੱਚ ਕੇਂਦਰੀ ਚੋਣ ਕਮੇਟੀ ਵੱਲੋਂ ਪੰਜਾਬ ਦੀਆਂ ਲਗਭਗ ਚਾਰ-ਪੰਜ ਸੀਟਾਂ ਦੇ ਉਮੀਦਵਾਰਾਂ ਦੇ ਨਾਵਾਂ 'ਤੇ ਗੱਲ ਮੁਕਾਈ ਜਾ ਸਕਦੀ ਹੈ।






# ੴ ਸਤਿਗੁਰ ਪ੍ਰਸਾਦਿ॥

# ਆਉ ਪਿਆਰਿਉ ਗੁਰੂ ਕੇ ਇਤਿਹਾਸ ਨੂੰ ਪੜੀਏ



ਕਰਨੈਲ ਸਿੰਘ ਟੋਰੰਟੋ:
416-746-7642

ਦਸਮੇਸ਼ ਪਿਤਾ ਜੀ ਨੇ ਤਿੱਤਰ ਦਾ ਸ਼ਿਕਾਰ ਕੀਤਾ, ਪਿੰਡ ਵਜੀਦਪੁਰ ਵਿਚ ਇਕ ਤਿੱਤਰ ਝਾੜੀਆ ਵਿਚੋਂ ਬੋਲਿਆ, ਗੁਰੂ ਸਾਹਿਬ ਨੇ ਤਿੱਤਰ ਦੀ ਆਵਾਜ਼ ਸੁਣੀ, ਤਾਂ ਬਚਨ ਹੋਇਆ, ਜਦੋਂ ਤੂੰ ਬੋਲਿਆ ਤਾਂ ਅਸੀਂ ਲੱਭ ਲਿਆ। ਓਸੇ ਟੈਮ ਘੋੜੇ ਤੇ ਕਾਠੀ ਪਵਾਕੇ, ਸ਼ਿਕਾਰ ਨੂੰ ਚੜ੍ਹ ਗਏ। ਉਸ ਤਿੱਤਰ ਦੇ ਪਿਛੇ ਆਪਣਾ ਬਾਜ ਛੱਡਿਆ। ਆਪਣਾ ਘੋੜਾ ਭੱਜਾ ਕੇ ਤਿੱਤਰ ਦਾ ਪਿੱਛਾ ਕੀਤਾ, ਗੁਰੂ ਕਾ ਬਾਜ ਗੁੱਸਾ ਖਾਕੇ ਤਿੱਤਰ ਤੇ ਪਿੱਛੇ ਲੱਗਾ, ਗੁਰੂ ਸਾਹਿਬ ਦਾ ਘੋੜਾ ਵੀ ਪਉਣ ਨੂੰ ਮਾਤ ਪਾਉਂਦਾ ਜਾਂਦਾ ਹੈ। ਆਖਰ ਪੰਜਾਂ ਕੋਹਾਂ ਦੇ ਜਾਕੇ, ਬਾਜ ਨੇ ਤਿੱਤਰ ਨੂੰ ਥਕਾ ਕੇ ਫੜ ਲਿਆ। ਬਾਜ ਨੇ ਤਿੱਤਰ ਫੜ ਕੇ ਗੁਰੂ ਸਾਹਿਬ ਜੀ ਨੂੰ ਦੇ ਦਿੱਤਾ। ਕਲਗੀਧਰ ਜੀ ਨੇ, ਤਿੱਤਰ ਦੇ ਜਿਉਂਦੇ ਦੇ ਖੰਭ ਪੱਟੇ। ਖੰਭ ਪੱਟ ਕੇ ਬਾਜ ਨੂੰ ਕਿਹਾ ਇਸ ਨੂੰ ਖਾ ਕੇ ਆਪਣੀ ਭੁੱਖ ਮਿਟਾ ਲੈ। ਬਾਜ ਤਿੱਤਰ ਦਾ ਜਿਉਂਦੇ ਦਾ ਮਾਸ ਤੋੜਕੇ ਖਾਂਦਾ ਹੈ। ਦਸਮੇਸ਼ ਪਿਤਾ ਜੀ ਜਿਉਂਦੇ ਤਿੱਤਰ ਨੂੰ ਖਾਂਦੇ ਬਾਜ ਨੂੰ ਨਿੰਗਾ ਟਿਕਾਕੇ ਦੇਖ ਰਹੇ ਹਨ। ਦਾਨ ਸਿੰਘ ਬਰਾੜ ਜੋ ਗੁਰੂ ਕਾ ਪਿਆਰਾ ਸਿੱਖ ਹੈ, ਕਹਿਣ ਲੱਗਾ ਸਤਿਗੁਰੋ ਆਪ ਬਹੁਤ ਡਾਢੇ ਸੂਰਬੀਰ ਮਹਾਂਰਥੀ ਜੋਧੇ ਹੋ। ਇਸ ਵੇਚਾਰੇ ਛੋਟੇ ਜਿਹੇ ਜੀਵ ਤਿੱਤਰ ਨੂੰ ਮਾਰ ਕੇ ਕੀ ਖੱਟਿਆ। ਦਸਮੇਸ਼ ਜੀ ਨੇ ਕਿਹਾ ਦਾਨ ਸਿੰਘਾ ਤੈਨੂੰ ਇਸਦਾ ਭੇਦ ਨਹੀਂ। ਹੁਣ ਸਾਡੀ ਗੱਲ ਕੰਨ ਲਾਕੇ ਸੁਣ ਲੈ। ਇਹ ਤਿੱਤਰ ਪਹਿਲੇ ਜਨਮ ਵਿਚ ਜੱਟ ਸੀ, ਇਹ ਬਾਜ ਖੱਤ੍ਰੀ ਸੀ। ਇਹ ਜੱਟ ਇਕ ਦਿਨ ਖੱਤ੍ਰੀ ਪਾਸ ਪੈਸੇ ਲੈਣ ਗਿਆ। ਖੱਤ੍ਰੀ ਨੇ ਕਿਹਾ ਕੋਈ ਜਾਮਨੀ ਦੇ ਦੇਵੇ ਤੇਰੀ, ਫੇਰ ਪੈਸੇ ਦੇਵਾਂਗਾ। ਜੱਟ ਨੇ ਕਿਹਾ ਜੀ ਮੈਂ ਗਰੀਬ ਜੱਟ ਹਾਂ, ਮੇਰੀ ਜਾਮਨੀ ਕਿਸੇ ਨੇ ਦੇਣੀ ਨਹੀਂ। ਮੈਂ ਗੁਰੂ ਦਾ ਸਿੱਖ ਹਾਂ, ਮੈਂ ਆਪਣੇ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਾਮਨੀ ਦਿੰਦਾ ਹਾਂ। ਖੱਤ੍ਰੀ ਨੇ ਕਿਹਾ ਜਾਮਨੀ ਤਾਂ ਤੇਰੀ ਬਹੁਤ ਵੱਡੀ ਹੈ। ਰੁੱਪਈਏ ਜਿੰਨੇ ਮਰਜ਼ੀ ਲੈ ਜਾ ਪਰ ਟੈਮ ਤੇ ਮੋੜ ਦੇਵੀਂ। ਜੱਟ ਰੁੱਪਈਏ ਲੈ ਗਿਆ, ਕੀਤੇ ਵਾਇਦੇ ਤੇ ਨਾ ਆਇਆ ਰਪੱਈਏ ਦੇਣ। ਖੱਤ੍ਰੀ ਨੇਂ ਇਸਦੇ ਘਰ ਕਈ ਗੇੜੇ ਮਾਰੇ ਟਾਲ ਮਟੋਲ ਕਰਦਾ ਰਿਹਾ ਜੱਟ। ਆਖਰ ਜੱਟ ਮਰ ਗਿਆ ਤਿੱਤਰ ਦੀ ਜੂਨੀ ਮਿਲੀ। ਓਹੀ ਖੱਤ੍ਰੀ ਮੱਰ ਕੇ ਬਾਜ ਦੀ ਜੂਨੀ ਵਿੱਚ ਆਇਆ। ਜੋ ਅਸੀਂ ਆਪਣੀ ਜਾਮਨੀ ਪੂਰੀ ਕੀਤੀ ਹੈ ਅਤੇ ਖੱਤ੍ਰੀ ਨੂੰ ਬਾਜ ਦੇ ਰੂਪ ਵਿਚ, ਉਸੇ ਜੱਟ ਦਾ ਜਿਉਂਦੇ ਦਾ ਮਾਸ ਖਵਾਕੇ ਆਪਣੀਂ ਜਾਮਨੀਂ ਪੂਰੀ ਕੀਤੀ ਹੈ। ਦਾਨ ਸਿੰਘ ਬੈਰਾੜ ਨੇ ਦੋਵੇਂ ਹੱਥ ਜੋੜਕੇ ਮਾਫੀ ਮੰਗੀ, ਕਿਹਾ ਆਪ ਧੰਨ ਹੋ ਸਤਿਗੁਰੋ।

ਨੋਟ:- ਅੱਜ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਗੁਰਾਂ ਦੀ ਜੋਤਿ ਕਹਿਕੇ ਅਰਦਾਸ ਕਰਦੇ ਹਾਂ। ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜਰਾ ਹਜ਼ੂਰ ਨਹੀਂ ਮੰਨਦੇ। ਜੇ ਹਾਜ਼ਰ ਮੰਨਦੇ ਤਾਂ ਇਕ ਵੀ ਝੂਠੀ ਅਰਦਾਸ ਨਾ ਹੁੰਦੀ। ਗੁਰੂ ਗ੍ਰੰਥ ਸਾਹਿਬ ਦੀ ਜਾਮਨੀ ਪਵਾ ਦਿੰਦੇ ਹਾਂ, ਕੋਰੇ ਝੂਠੇ ਕੰਮ ਲਈ। ਲੋਕੀ ਕਹਿੰਦੇ ਹਨ, ਕੇ ਅਸੀਂ ਕੈਨੇਡਾ ਆਕੇ ਬਹੁਤ ਉੱਚੇ ਝੰਡੇ ਗੰਢ ਦਿੱਤੇ ਹਨ। ਪਰ ਦਾਸ ਕਰਨੈਲ ਸਿੰਘ ਟੋਰੰਟੋ 15 ਸਾਲਾਂ ਤੋਂ ਲਿਖਦਾ ਹੈ।

ਧਾਰਨਾਂ:- ਅਸੀਂ ਕਾਹਦੇ ਕੈਨੇਡਾ ਆਏ ਬੇਮੁਖ ਹੋਗੇ ਗੁਰਾਂ ਤੋਂ॥੨॥
ਪਿਆਰਿਓ ਬੇਮੁਖ ਹੋਗੇ ਗੁਰ ਤੋਂ॥੨॥
ਪਿਆਰਿਓ ਬੇਮੁਖ ਹੋਗੇ ਗੁਰਾ ਤੋਂ॥੨॥
ਧਾਰਨਾਂ:- ਅਸੀਂ ਕਾਹਦੇ ਕੈਨੇਡਾ ਆਏ, ਬੇਮੁਖ ਹੋਗੇ ਗੁਰਾਂ ਤੋਂ॥੨॥

ਨੋਟ:- ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫਰਨਾਮੇ ਵਿਚ ਔਰੰਗਜ਼ੇਬ ਨੂੰ ਕਿਹਾ ਹੈ। ਜ਼ਫਰਨਾਮੇਂ ਦੀ ੪੬ ਵੀ ਬੈਂਤ ਵਿਚ ਲਿਖਿਆ ਹੈ, ਔਰੰਗਜ਼ੇਬ ਤੂੰ ਕੁਰਾਨ ਦੀ ਸੌਂ ਖਾਕੇ ਮੁਕਰਿਆ ਹੈਂ, ਨਾ ਤੂੰ ਈਮਾਨ ਨੂੰ ਮੰਨਣ ਵਾਲਾ ਹੈਂ, ਨਾ ਹੀ ਤੂੰ ਮੁਹੱਮਦ ਤੇ ਭਰੋਸਾ ਰੱਖਣ ਵਾਲਾ ਹੈ। ਤੇਰੇ ਜੈਸੇ ਪੁਰਸ਼ ਤੇ ਮੈਨੂੰ ਕੋਈ ਭਰੋਸਾ ਨਹੀਂ। ਜੋ ਮੁਸਲਮਾਨ ਹੋ ਕੇ ਪਵਿਤ੍ਰ ਕੁਰਾਨ ਦੀ ਸੌਂ ਖਾ ਕੇ ਮੁਕਰਿਆ ਹੋਵੇ। ਬੈਂਤ ਨੰ:੧੯ ਤੇ ਜੇ ਕਿਤੇ ਅਸੀਂ ਲੁਕ ਕੇ ਵੀ ਆਪਣੇ ਪਵਿੱਤਰ ਗ੍ਰੰਥ=ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੌਂਹ ਖਾਦੀ ਹੁੰਦੀ, ਮੈਂ ਆਪ ਤਾਂ ਕੀ ਉਲੰਗਣਾਂ ਕਰਨੀ ਸੀ, ਆਪਣੇ ਕਿਸੇ ਬੰਦੇ ਨੂੰ ਵੀ ਉਲੰਗਣਾਂ ਨਾਂ ਕਰਨ ਦਿੰਦਾ। ਦਾਸ ਲਿਖਦਾ ਹੈ ਗੁਰੂ ਜੀ ਹੁਣ ਤਾਂ ਤੇਰੇ ਪਿਆਰੇ ਪੁੱਤਰ ਖਾਲਸੇ ਨੇ ਅਨੇਕਾਂ ਝੂਠੀਆਂ ਅਰਦਾਸਾਂ ਕਰ ਦਿੱਤੀਆਂ ਹਨ। ਹੁਣ ਆਪਣੀਂ ਜਾਮਨੀਂ ਪੂਰੀ ਕਰੋ, ਤਾ ਕੇ ਤੁਹਾਡੀ ਸਿੱਖੀ ਵੱਧੇ ਫੁੱਲੇ। ਅੱਗੇ ਤੋਂ ਝੂਠੀ ਅਰਦਾਸ ਨਾ ਹੋਵੇ।

ਤਥਾ: ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ॥
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ॥
ਗਾਉੜੀ ਮ: ੧॥ ਪੰਨਾ ੧੫੬)

ਅਰਥ:- ਜਦੋਂ ਇਹ ਮਨੁੱਖ ਚੋਰੀ ਕਰਦਾ ਹੈ, ਸਹਿਰਾਂ ਵਿਚ ਪੱਕੇ ਮੰਦਰਾਂ ਨੂੰ ਅਤੇ ਹਟੀਆਂ ਨੂੰ ਭੰਨਦਾ ਹੈ, ਸੰਨ੍ਹ ਲਾਉਂਦਾ ਹੈ। ਚੋਰੀ ਕਰਕੇ ਪਦਾਰਥ ਧੰਨ ਦੌਲਤ ਲੈ ਕੇ ਆਪਣੇ ਘਰ ਨੂੰ ਆਉਂਦਾ ਹੈ। ਆਉਣ ਸਮੇਂ ਅੱਗਾ ਪਿੱਛਾ ਦੇਖਦਾ ਹੈ, ਕੇ ਮੈਨੂੰ ਕੋਈ ਦੇਖਦਾ ਤਾਂ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ: ਲੋਕਾਂ ਤੋਂ ਤਾਂ ਲੁਕ ਕੇ ਆ ਜਾਵੇਂਗਾ, ਉਸ ਪ੍ਰਭੂ ਪਾਸੋਂ ਕਿਵੇਂ ਲੁਕੇਂਗਾ। ਉਹ ਤਾਂ ਤੇਰੇ ਅੰਦਰ ਬੈਠਾ ਦੇਖਦਾ ਹੈ ਅਤੇ ਚਿਤ੍ਰ ਗੁਪਤ ਦਿਨ ਰਾਤ ਤੇਰੇ ਮੋਢਿਆਂ ਤੇ ਬੈਠੇ ਲਿਖਦੇ ਹਨ।

ਤਥਾ: ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵੇ ਮਨੁਖਾਇ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ॥
ਮਾਰੂ ਮਹਲਾ ੫॥ ਪੰਨਾ ੧੦੦੧

ਅਰਥ:- ਗੁਪਤ ਢੰਗ ਨਾਲ ਲੁਕ ਕੇ, ਪਾਪ ਕਰਮ ਕਰਦਾ ਹੈ। ਮਨੁੱਖਾਂ ਨੂੰ ਲੁੱਟ ਕੇ ਖਾਂਦਾ ਹੈਂ ਪਦਾਰਥ, ਪ੍ਰਭੂ ਤੇਰੇ ਪਾਪ ਕਰਮਾਂ ਨੂੰ ਹਰਿ ਟੈਮ ਦੇਖਦਾ ਹੈ। ਹਰੀ ਨੂੰ ਭੁੱਲ ਕੇ ਨਾਮ ਨਹੀਂ ਜਪਿਆ, ਵਿਸ਼ਿਆ ਨੂੰ ਭੋਗਦਾ ਹੈ। ਨਾਮ ਤੋਂ ਸੱਖਣੇ ਨੂੰ ਧਰਮ ਰਾਜੇ ਦੇ ਜਮਦੂਤ ਲੋਹੇ ਦੇ ਥੰਮ ਨੂੰ ਤਪਾਕੇ, ਤੇਰੇ ਗਲੇ ਨੂੰ ਲਾਉਣਗੇ। ਫੇਰ ਰੋ ਰੋ ਕੇ ਪਛਤਾਵੇਂਗਾ, ਕੋਈ ਨਹੀਂ ਛਡਾਏਂਗਾ।

ਧਾਰਨਾਂ:- ਉਥੇ ਰੋਵੇਂਗਾ, ਤੇ ਰੋ ਰੋ ਧਾਹਾਂ ਮਾਰੇਂਗਾ, ਜਿੱਥੇ ਹੈ ਸਮੁੰਦ ਲੰਘਣਾਂ॥੨॥
ਅੰਤਰਾਂ:- ਮੇਰੇ ਪਿਆਰੇ ਜੀ, ਜਿੱਥੇ ਹੈ ਸਮੁੰਦ ਲੰਘਣਾ॥੨॥
ਧਾਰਨਾਂ:- ਉਥੇ ਰੋਵੇਂਗਾ, ਤੇ ਰੋ ਰੋ ਧਾਹਾਂ ਮਾਰੇਂਗਾ, ਜਿੱਥੇ ਹੈ ਸਮੁੰਦ ਲੰਘਣਾਂ॥੨॥

ਤਥਾ: ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
(ਸਲੋਕ ਜਪੁਜੀ ਸਾਹਿਬ)

ਅਰਥ:- ਜੀਵਾਂ ਦੇ ਚੰਗੇ ਕਰਮ ਅਤੇ ਬੁਰੇ ਕਰਮ, ਧਰਮ ਰਾਜੇ ਦੇ ਹਜ਼ੂਰੀ ਵਿਚ ਵਿਚਾਰੇ ਜਾਂਦੇ ਹਨ। ਚੰਗੇ ਕਰਮ ਕਰਨ ਵਾਲੇ ਨਾਮ ਜਪਣ ਵਾਲੇ ਪ੍ਰਮਾਤਮਾਂ ਦੇ ਨੇੜੇ ਹੋ ਜਾਂਦੇ ਹਨ। ਬੁਰਿਆਈਆਂ=ਬੁਰੇ ਕਰਮ ਕਰਨ ਵਾਲੇ ਪ੍ਰਭੂ ਤੋਂ ਦੂਰ ਚਲੇ ਜਾਂਦੇ ਹਨ, ਭਾਵ ਨਰਕਾਂ ਵਿਚ ਸੁੱਟੇ ਜਾਂਦੇ ਹਨ। ਦੁਖ ਭੋਗਦੇ ਹਨ।

ਚਿਤ੍ਰ ਗੁਪਤੁ ਸਭ ਲਿਖਤੇ ਲੇਖਾ॥
ਭਗਤ ਜਨਾ ਕਉ ਦ੍ਰਿਸਟਿ ਨ ਪੇਖਾ॥
ਆਸਾ ਮਹਲਾ ੫॥ (ਪੰਨਾ ੩੯੩)

ਅਰਥ:- ਚਿਤ੍ਰ ਅਤੇ ਗੁਪਤ ਸਭ ਜੀਵਾਂ ਦੇ ਸੁਭ ਕਰਮ ਅਤੇ ਪਾਪ ਕਰਮ ਸਾਰੀ ਜ਼ਿੰਦਗੀ ਦੇ ਲਿਖਦੇ ਰਹਿੰਦੇ ਹਨ। ਪਰ ਬੰਦਿਆਂ ਨੂੰ ਉਹ ਦਿੱਸਦੇ ਨਹੀਂ।

ਤਥਾ: ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ॥
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ॥
ਸੋਰਠਿ ਮਹਲਾ ੫॥ (ਪੰਨਾ ੬੧੬)

ਅਰਥ:- ਬੂਹੇ=ਡੋਰ ਬੰਦ ਕਰਕੇ ਅਨੇਕਾਂ ਪੜਦਿਆਂ ਵਿਚ ਲੁਕ ਕੇ, ਪਰਾਈ ਇਸਤ੍ਰੀ ਨਾਲ ਵਿਸ਼ੇ ਭੋਗਦਾ ਹੈ। ਚਿਤ੍ਰ ਗੁਪਤ ਜਦੋਂ ਲੇਖਾ ਮੰਗਣਗੇ। ਉਥੇ ਤੇਰਾ ਪੜਦਾ ਕਉਣ ਢੱਕੇਗਾ। ਭਾਵ ਕੋਈ ਨਹੀਂ ਢੱਕੇਗਾ।

(ਸਾਖੀ ਭਾਈ ਮੰਝ ਦੀ)

ਭਾਈ ਮੰਝ ਗੁਰੂ ਅਰਜਨ ਦੇਵ ਜੀ ਦੇ ਸਮੇਂ ਗੁਰੂ ਰਾਮ ਦਾਸ ਜੀ ਦੇ ਲੰਗਰ ਲਈ ਜੰਗਲ ਵਿਚੋਂ ਸੁਕੀਆਂ ਲਕੜਾਂ, ਵੱਢਕੇ ਲਿਆਇਆ ਕਰਦਾ ਸੀ। ਗੁਰੂ ਅਰਜਨ ਦੇਵ ਜੀ ਇਸਦੀ ਸੇਵਾ ਤੇ ਬਹੁਤ ਖੁਸ਼ ਸਨ, ਇਕ ਦਿਨ ਭਾਈ ਮੰਝ ਅਤੇ ਉਸਦੀ ਧਰਮ ਪਤਨੀ, ਲੰਗਰ ਵਿਚ ਲੰਗਰ ਛੱਕਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਲੰਗਰ ਵਿਚ ਆਏ ਅਤੇ ਭਾਈ ਮੰਝ ਨੂੰ ਪੁੱਛਿਆ ਲੰਗਰ ਏਥੇ ਹੀ ਛੱਕਦੇ ਹੋ। ਭਾਈ ਮੰਝ ਨੇ ਕਿਹਾ ਜੀ ਹਾਂ। ਏਥੇ ਹੀ ਛੱਕਦੇ ਹਾਂ, ਗੁਰੂ ਜੀ ਕਿਹਾ ਫੇਰ ਤਾਂ ਤੇਰੀ ਸੇਵਾ ਏਥੇ ਦੀ ਏਥੇ ਹੀ ਰਹਿ ਜਾਉਗੀ। ਉਸ ਦਿਨ ਤੋਂ ਭਾਈ ਮੰਝ ਅਤੇ ਉਸ ਦੇ ਘਰ ਵਾਲੀ ਦੋ ਭਰੀਆਂ ਸੁਕੀਆਂ ਲਕੜਾਂ ਦੀਆਂ ਲਿਆਉਣ, ਇਕ ਭੱਰੀ ਲੰਗਰ ਵਿਚ ਪਾਉਣ ਦੂਜੀ ਭੱਰੀ ਲੱਕੜਾਂ ਦੀ ਬਾਜ਼ਾਰ ਵਿਚ ਬੇਚਕੇ ਰੋਟੀ ਪਾਣੀ ਖਾਣ। ਮੁੜਕੇ ਲੰਗਰ ਦਾ ਪ੍ਰਸਾਦਾ ਨਹੀਂ ਛੱਕਿਆ। ਗੁਰੂ ਦੇ ਬਚਨ ਦੀ ਪਾਲਣਾ ਕੀਤੀ ਬਹੁਤ ਸਮਾਂ ਬੀਤ ਗਿਆ ਲੰਗਰ ਲਈ ਲੱਕੜਾਂ ਲਿਆਉਂਦੇ ਨੂੰ, ਇਕ ਦਿਨ ਐਸੀ ਕੁਦਰਤ ਵਰਤੀ ਬੜੀ ਜ਼ੱਬਰ ਦੱਸਤ ਕਾਲੀ, ਪੀਲੀ ਹਨੇਰੀ ਆ ਗਈ। ਰਸਤੇ ਵਿਚ ਇਕ ਬਗੈਰ ਮੌਣ ਤੋਂ ਵੈਰਾਨ ਖੂਹ ਸੀ, ਭਾਈ ਮੰਝ ਨੂੰ ਖੂਹ ਦਾ ਪਤਾ ਨਹੀਂ ਲੱਗਾ। ਸਿੱਧਾ ਖੂਹ ਵਿਚ ਜਾ ਖੜਾ, ਥੋੜੇ ਪਾਣੀ ਵਾਲਾ ਖੂਹ ਸੀ। ਭਾਈ ਮੰਝ ਲੱਗਾ ਗੁਰੂ ਅਰਜਨ ਦੇਵ ਜੀ ਨੂੰ ਯਾਦ ਕਰਨ, ਗੁਰੂ ਜੀ ਪਾਸ ਦੁਖੀ ਦੀ ਪੁਕਾਰ ਪਹੁੰਚ ਗਈ। ਗੁਰੂ ਸਾਹਿਬ ਨੇ ਸੁਰਤ ਦੜਾਈ ਤਾਂ ਧਿਆਨ ਵਿਚ ਆਇਆ ਕੇ ਭਾਈ ਮੰਝ ਖੂਹ ਵਿਚ ਲੱਕੜਾਂ ਦੀ ਭਰੀ ਚੁੱਕ ਕੇ ਖੜਾ ਹੈ। ਗੁਰੂ ਸਾਹਿਬ ਨੰਗੇ ਪੈਰੀ ਭੱਜੇ ਆਵਾਜ਼ ਮਾਰੀ ਸਿੱਖਾਂ ਨੂੰ, ਲੱਜਾਂ ਲੈ ਕੇ ਆਉ। ਖੂਹ ਤੇ ਜਾਕੇ ਲੱਜ ਸੁੱਟੀ ਕਿਹਾ ਭਾਈ ਮੰਝ ਲੱਕੜਾਂ ਸੁਟਦੇ, ਆਪ ਲੱਜ ਨੂੰ ਹੱਥ ਪਾ ਤੈਨੂੰ ਬਾਹਰ ਕੱਢੀਏ। ਭਾਈ ਮੰਝ ਨੇ ਕਿਹਾ, ਪਹਿਲਾਂ ਲੱਕੜਾਂ ਦੀ ਭੱਰੀ ਬੰਨ੍ਹਾਗਾਂ। ਜੇ ਲੱਕੜਾਂ ਸੁੱਟ ਦਿੱਤੀਆਂ ਤਾਂ ਗੁਰੂ ਕਾ ਲੰਗਰ ਕਿਵੇਂ ਪੱਕੇਗਾ। ਪਹਿਲਾਂ ਭਰੀ ਲੱਕੜਾਂ ਦੀ ਬੰਨ੍ਹੀਂ ਸਿੱਖਾਂ ਨੇ ਲੱਕੜਾਂ ਬਾਹਰ ਰੱਖ ਕੇ ਫੇਰ ਲੱਜ ਸੁੱਟ ਕੇ, ਭਾਈ ਮੰਝ ਨੂੰ ਬਾਹਰ ਕੱਢਿਆ। ਜਿਸ ਵੇਲੇ ਗੁਰੂ ਸਾਹਿਬ ਖੜੇ ਦਿਸੇ ਤਾਂ ਭਾਈ ਸਾਹਿਬ ਦੇ ਨੇਤਰਾਂ ਵਿਚੋਂ ਅੱਥਰੂ ਵਹਿ ਤੁਰੇ ਚਰਨਾਂ ਤੇ ਸਿਰ ਰੱਖ ਕੇ ਨੇਤ੍ਰਾਂ ਚੋਂ ਜਲ ਵਹਿਕੇ ਗੁਰੂ ਸਾਹਿਬ ਦੇ ਚਰਨ ਧੋਹ ਦਿੱਤੇ। ਜਦੋਂ ਉਠਕੇ ਖੜਾ ਹੋਇਆ। ਤਾਂ ਗੁਰੂ ਸਾਹਿਬ ਜੀ ਨੇਂ ਘੁੱਟ ਕੇ ਛਾਤੀ ਨਾਲ ਲਾ ਕੇ, ਕਿਹਾ ਤੇਰੀ ਸੇਵਾ ਪ੍ਰਵਾਨ ਹੋ ਗਈ। (ਗੁਰੂ ਜੀ ਨੇ ਵਰ ਦਿੱਤਾ)

ਗੁਰੂ ਪਿਆਰਾ ਮੰਝ ਨੋਂ, ਗੁਰ ਮੰਝ ਪਿਆਰਾ॥ ਉਸ ਦਿਨ ਤੋਂ ਪਰਚਾਰਕ ਬਣਾ ਦਿਤਾ।

(ਸਾਖੀ ਮੁਹਾਣਾ ਨਾਮੀ ਸਿੱਖ ਦੀ, ਲੰਗਰ ਛੱਕ ਕੇ ਗੱਪਾਂ ਮਾਰਦਾ ਸੀ)

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਖੰਡੂਰ ਸਾਹਿਬ ਗੁਰਦੁਆਰਾ ਸਾਹਿਬ ਵਿਚ ਮੁਹਾਣਾ ਸਿੱਖ ਲੰਗਰ ਛੱਕ ਕੇ ਗੱਪਾਂ ਮਾਰਦਾ ਸੀ, ਸੇਵਾ ਉਕਾ ਹੀ ਨਹੀਂ ਸੀ ਕਰਦਾ। ਲਾਂਗਰੀ ਸਿੱਖ ਨੇ ਕਿਹਾ ਭਾਈ ਸਿੱਖਾ ਕੋਈ ਸੇਵਾ ਕਰਿਆ ਕਰ, ਮੁਹਾਣਾਂ ਕਹਿੰਦਾ ਜੋ ਸੇਵਾ ਗੁਰੂ ਅੰਗਦ ਦੇਵ ਜੀ ਕਹਿਣਗੇ, ਉਹ ਸੇਵਾ ਕਰਾਂਗਾ। ਲਾਂਗਰੀ ਸਿੱਖ ਨੇ ਬਾਬਾ ਬੁੱਢਾ ਜੀ ਨੂੰ ਕਿਹਾ ਤੁਸੀਂ ਕਹੋ ਬਾਬਾ ਜੀ, ਇਸ ਸਿੱਖ ਨੂੰ ਸੇਵਾ ਲਈ। ਬਾਬਾ ਬੁੱਢਾ ਜੀ ਨੇ ਕਿਹਾ, ਭਾਈ ਸਿੱਖਾ ਕੋਈ ਸੇਵਾ ਕਰਿਆ ਕਰ। ਬਾਬਾ ਜੀ ਨੂੰ ਵੀ ਓਹੀ ਘੜੀ ਘੜਾਈ ਗੱਲ ਕਹੀ, ਜਿਹੜੀ ਸੇਵਾ ਗੁਰੂ ਅੰਗਦ ਦੇਵ ਜੀ ਕਹਿਣਗੇ, ਉਹੀ ਸੇਵਾ ਕਰਾਂਗਾ। ਬਾਬਾ ਬੁੱਢਾ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਕਿਹਾ ਕੇ ਤੁਸੀਂ ਸੇਵਾ ਕਹੋ ਇਸ ਸਿੱਖ ਨੂੰ। ਗੁਰੂ ਜੀ ਨੇ ਕਿਹਾ ਭਾਈ ਸਿੱਖਾ ਸੇਵਾ ਕਰਿਆ ਕਰ, ਕਹਿੰਦਾ ਜੋ ਸੇਵਾ ਆਪ ਕਹੋਗੇ ਉਹੀ ਕਰਾਂਗਾ। ਗੁਰੂ ਜੀ ਸਮਝ ਗਏ ਕੇ ਮਖੱਟੂ ਹੈ, ਗੁਰੂ ਜੀ ਨੇ ਕਿਹਾ ਫਲਾਣੇ ਜੰਗਲ ਵਿਚ ਜਾ ਕੇ, ਸੁਕੀਆਂ ਲੱਕੜਾਂ ਦੀ ਚਿੱਖਾ ਚਿਣ ਕੇ ਅੱਗ ਲਾ ਕੇ ਵਿਚ ਬੈਠ ਜਾਹ। ਚਿੱਖਾ ਚਿਣ ਕੇ ਅੱਗ ਲਾ ਲਈ, ਆਲੇ ਦੁਆਲੇ ਗੇੜੇ ਕੱਢਦਾ ਹੈ, ਅੱਗ ਵਿਚ ਬੈਠਣ ਨੂੰ ਦਿਲ ਨਹੀਂ ਕਰਦਾ। ਇਤਨੇਂ ਨੂੰ ਇਕ ਚੋਰ ਰਾਜ ਮਹਿਲਾਂ ਚੋਂ ਚੋਰੀ ਕਰਕੇ ਆਇਆ ਸੀ। ਉਹ ਚੋਰ ਕਹਿਣ ਲੱਗਾ, ਤੂੰ ਚਿੱਖਾ ਦੇ ਆਸ ਪਾਸ ਗੇੜੇ ਕਿਉਂ ਕੱਢਦਾ ਹੈਂ, ਮੁਹਾਣੇਂ ਨੇ ਕਿਹਾ ਮੈਨੂੰ ਗੁਰੂ ਅੰਗਦ ਦੇਵ ਜੀ ਨੇ ਇਕ ਬਚਨ ਦਿੱਤਾ ਹੈ, ਚਿੱਖਾ ਚਿਣਕੇ ਅੱਗ ਲਾ ਕੇ ਸ਼ੜ੍ਹ ਜਾ। ਮੈਂ ਚਿੱਖਾ ਵੀ ਚਿਣ ਲਈ, ਅੱਗ ਵੀ ਲਾ ਲਈ, ਪਰ ਸ਼ੜਨ ਨੂੰ ਦਿਲ ਨਹੀਂ ਕਰਦਾ। ਉਹ ਚੋਰ ਭਾਵੇਂ ਆਪਣੇਂ ਕਿੱਤੇ ਦੇ ਮੁਤਾਬਿਕ ਚੋਰੀ ਕਰਦਾ ਸੀ, ਪਰ ਗੁਰੂ ਸਾਹਿਬ ਤੇ ਅਥਾਹ ਸ਼ਰਦਾ ਰੱਖਦਾ ਸੀ। ਉਹ ਚੋਰ ਸੋਚਣ ਲੱਗਾ, ਕੇ ਆਪਾਂ ਚੋਰੀ ਦਾ ਮਾਲ ਸੋਨਾਂ ਚਾਂਦੀ ਧੰਨ ਦੌਲਤ ਇਸਨੂੰ ਦੇ ਦੇਈਏ, ਅਗਰ ਇਹ ਗੁਰੂ ਦਾ ਬਚਨ ਬੇਚ ਦੇਵੇ, ਤਾਂ ਸਉਦਾ ਬਹੁਤ ਸੱਸਤਾ ਹੈ। ਮੁਹਾਣੇਂ ਨੂੰ ਪੁੱਛਿਆ ਤਾਂ ਉਹ ਕਹਿੰਦਾ ਹਾਂ, ਮੈਂ ਗੁਰੂ ਅੰਗਦ ਦੇਵ ਜੀ ਦਾ ਬਚਨ ਤੈਨੂੰ ਬੇਚ ਦਿੰਦਾ। ਚੋਰ ਨੇ ਲੱਖਾਂ ਖੁਸ਼ੀਆਂ ਪ੍ਰਪਾਤ ਕੀਤੀਆਂ, ਉਹ ਕਹਿੰਦਾ ਮੈਨੂੰ ਸਾਰਾ ਸਾਮਾਨ ਦੇ ਦੇ, ਮੈਂ ਤੈਨੂੰ ਗੁਰੂ ਕਾ ਬਚਨ ਬੇਚ ਦਿੰਦਾ ਹਾਂ। ਸੋਨਾਂ ਚਾਂਦੀ ਧੰਨ ਦੌਲਤ ਲੈ ਕੇ ਮੁਹਾਣੇਂ ਨੇ ਕਿਹਾ। 1-2-3 ਮੈਂ ਤੈਨੂੰ ਗੁਰੂ ਜੀ ਦਾ ਬੱਚਨ ਬੇਚਿਆ। ਚੋਰ ਨੇ ਉਸੇ ਟੈਮ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਦਾ ਧਿਆਨ ਧਰਕੇ, ਮੱਚਦੀ ਚਿੱਖਾ ਵਿਚ ਛਾਲ ਮਾਰ ਦਿੱਤੀ। ਅੱਗ ਠੰਢੀ ਹੋ ਗਈ। ਬੈਕੁੰਠ ਭਵਨ ਤੋਂ ਬੇਬਾਣ ਆ ਗਿਆ। ਭਗਵਾਨ ਦੇ ਭੇਜੇ ਪਾਰਖਦਾਂ ਨੇ, ਗੁਰੂ ਤੇ ਸ਼ਰਧਾ ਰੱਖਣ ਵਾਲੇ ਨੂੰ ਬੇਬਾਣ ਵਿਚ ਬਿਠਾ ਲਿਆ। ਮੁਹਾਣਾਂ ਕਹਿੰਦਾ ਮਖੱਟੂ ਬੰਦਾ ਤੁਸੀਂ ਐਨੇਂ ਸੋਹਣੇ ਬੰਦੇ ਕਿਥੋਂ ਆਏ ਹੋ। ਇਸ ਨੂੰ ਕਿਥੇ ਲੈ ਚੱਲੇ ਹੋ। ਸਵਰਗ ਤੋਂ ਆਏ ਪਾਰਖਦਾਂ ਨੇ ਕਿਹਾ ਮੂਰਖ ਬੰਦੇ, ਜਦੋਂ ਤੂੰ ਗੁਰੂ ਅੰਗਦ ਦੇਵ ਜੀ ਦਾ ਬਚਨ ਮੰਨਕੇ, ਚਿਖਾ ਚਿਣੀਂ ਸੀ, ਸਾਨੂੰ ਸਾਡੇ ਮਾਲਕ ਪਰਮੇਸ਼ਰ ਨੇ ਤੈਨੂੰ ਚੱਕਣ ਲਈ ਭੇਜਿਆ ਸੀ। ਪਰ ਤੈਂ ਗੁਰੂ ਕਾ ਬਚਨ ਚਾਰ ਕੌਡੀਆਂ ਲੈ ਕੇ ਬੇਚ ਦਿੱਤਾ। ਇਸ ਨੇ ਬਚਨ ਮੰਨ੍ਹ ਲਿਆ, ਹੁਣ ਅਸੀਂ ਪਰਮੇਸ਼ਰ ਦੇ ਦਰਵਾਰ ਵਿਚ ਲੈ ਕੇ ਚਲੇ ਹਾਂ। ਪਰਮੇਸ਼ਰ ਦੀ ਸ਼ੱਵਾ ਵਿਚ ਬੈਠੇਗਾ ਜਾ ਕੇ।

ਤਥਾ: ਮਾਨੈ ਹੁਕਮੁ ਸਭੇ ਗੁਣ ਗਿਆਨ॥
ਨਾਨਕ ਦਰਗਹ ਪਾਵੈ ਮਾਨੁ॥
ਮਹਲਾ ੧॥ ਪੰਨਾ ੯੪੪

ਤਥਾ: ਪਾਉੜੀ "ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ॥

ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ॥
(ਪੰਨਾ ੧੦੯੪)

ਅਰਥ:- ਮੁਹਾਣਾ ਮਖੱਟੂ ਬੰਦਾ ਧੰਨ ਦੌਲਤ ਲੈ ਕੇ ਤੁਰ ਪਿਆ, ਇਤਨੇ ਨੂੰ ਰਾਜੇ ਦੇ ਕੋਤਵਾਲ ਅਹਿਲਕਾਰ ਚੋਰ ਦੀਆਂ ਪੈੜਾਂ ਦੱਬਦੇ ਦੱਬਦੇ ਆ ਗਏ, ਉਹਨਾਂ ਨੇ ਮੁਹਾਣੇਂ ਨੂੰ ਫੜ ਲਿਆ, ਚੋਰੀ ਹੋਇਆ ਮਾਲ ਮਿਲ ਗਿਆ। ਰਾਜੇ ਦੇ ਹੁਕਮ ਅਨੁਸਾਰ ਮੁਹਾਣੇਂ ਨੂੰ ਫਾਂਸ਼ੀ ਤੇ ਟੰਗ ਦਿੱਤਾ। ਸਰੋਤਾ ਜਨੋਂ ਪੜ੍ਹ ਕੇ ਕੰਨਾਂ ਨੂੰ ਹੱਥ ਲਾ ਲਉ ਕੇ ਅੱਜ ਤੋਂ ਗੁਰੂ ਗ੍ਰੰਥ ਸਾਹਿਬ ਅੱਗੇ ਕੈਨੇਡਾ ਦੇ ਸੁਖਾਂ ਲਈ ਝੂਠੀ ਅਰਦਾਸ ਨਾ ਕਰਾਂਗੇ। ਨਹੀਂ ਤਾਂ ਮੁਹਾਣੇ ਵਾਲੀ ਹੋਵੇਗੀ।

ਨੋਟ:- ਵਿਹਲਾ ਵਹਿਕੇ ਗੁਰਦੁਆਰੇ ਦੀਆਂ ਰੋਟੀਆਂ ਖਾਣ ਵਾਲਾ ਫਾਂਸੀ ਚੜਿਆ। ਜੇਹੜੇ ਬਾਬੇ ਦੇ ਪੱਗਾਂ ਵਾਲੇ ਸਿਖ 20-20 ਸਾਲਾਂ ਤੋਂ ਲਗਾਤਾਰ ਰੋਟੀਆਂ ਖਾਂਦੇ ਹਨ, ਉਹਨਾਂ ਦਾ ਕੀ ਬਣੇਗਾ। ਜ਼ਰਾ ਸੋਚ ਲੈਣਾ ਜੀ। ਬਾਬੇ ਦਾ ਸਿੱਖ ਅੰਮ੍ਰਿਤਧਾਰੀ ਹੁੰਦਾ ਹੈ।

(ਸ੍ਰੀ ਗੁਰੂ ਅਰਮ ਦਾਸ ਜੀ: ਇਕ ਜ਼ੋਗੀ ਨੂੰ ਗਿਆਨ ਕਰਾਉਂਦੇ ਹਨ)

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ॥

ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ॥

ਸਲੋਕ ਮ:੩॥ (ਪੰਨਾ ੧੦੮੯)

ਅਰਥ:- ਐ ਜੋਗੀ ਤੂੰ ਜੋਗ ਮੱਤ ਧਾਰਨ ਕਰਕੇ, ਜਗਤ ਵਿਚ ਭਵਦਾ ਫਿਰਦਾ ਹੈ। ਘਰਿ ਘਰਿ ਤੋਂ ਭਿਖਿਆ ਮੰਗਕੇ, ਖਾਂਦਾ ਹੈ। ਜਿਸ ਵੇਲੇ ਮਰਕੇ ਪਰਮੇਸ਼ਰ ਦੀ ਦਰਗਾਹ ਵਿਚ ਜਾਵੇਂਗਾ, ਜਿਹੜੀ ਤੂੰ ਗ੍ਰਿਸਤੀਆਂ ਦੀ ਕ੍ਰਿਤ ਕਮਾਈ ਵਿਚੋਂ ਭਿਖਿਆ ਮੰਗ ਕੇ ਖਾਧੀ ਹੈ। ਧਰਮ ਰਾਜਾ ਤੇਰੇ ਪਾਸੋਂ ਮੁਫਤੀ ਵਿਚ ਮੰਗਕੇ ਰੋਟੀਆਂ ਖਾਧੀਆਂ ਦਾ ਹਿਸਾਬ ਮੰਗੇਗਾ। ਉਥੇ ਕਿਸੁ ਕਿਸੁ=ਕਿਹੜੇ ਕਿਹੜੇ ਗ੍ਰਿਸਤੀ ਦਾ ਲੇਖਾ ਮੋੜੇਂਗਾ।

ਨੋਟ:- ਕਿਸੇ ਦਾ ਪੁੱਤ, ਧੀ ਜਾਂ ਇਸਤ੍ਰੀ, ਮਾਤਾ-ਪਿਤਾ ਆਦਿਕ ਬਣਕੇ ਕੁੱਤਾ ਜਾਂ ਬੱਲਦ ਦੇ ਜਨਮਾਂ ਵਿਚ ਲੇਖਾ ਮੋੜੇਂਗਾ। ਗੁਰੂ ਦਾ ਲੰਗਰ ਹਰਿ ਰੋਜ਼ ਖਾਂਦੇ ਹੋ ਤਾਂ ਸੇਵਾ ਕਰਕੇ ਖਾਉ ਜੀ।

ਨੋਟ:- ਅੱਜ ਤੋਂ 60-70 ਸਾਲ ਪਹਿਲਾਂ, ਸਿਆਣੇਂ ਬਜ਼ੁਰਗ ਗੱਲਾਂ ਕਰਦੇ ਹੁੰਦੇ ਸੀ। ਪੂਜਾ ਦਾ ਧਾਨ ਤਾਂ ਰਾਧ ਦੇ ਪਨਾਲੇ ਹਨ। ਕੱਚਾ ਪਾਰਾ ਹੈ ਅਤੇ ਸੰਖੀਆ=ਜ਼ੈਹਰ ਹੈ। ਕਹਿੰਦੇ ਮੈਂ ਆਪ ਸੁਣੇਂ ਹਨ। ਹੁਣ ਦਾਸ 83ਵੇਂ ਸਾਲ ਵਿਚ ਵਿਚਰਦਾ ਹੈ, ਕਿੰਨਾ ਫੱਰਕ ਪੈ ਗਿਆ ਹੈ। ਪਰਚਾਰ ਦੀ ਕਮੀਂ ਹੈ, ਪ੍ਰਚਾਰ ਬਨੌਟੀ ਜਿਹਾ ਹੋ ਰਿਹਾ ਹੈ।

ਬੈਂਤ:- ਸੁਣੋ ਖਾਲਸਾ ਜੀ ਹੁਣ ਆਗਯਾ ਏਹ, ਸਾਡੇ ਬਚਨਾਂ ਤਾਈਂ ਭੁਲਾਵਣਾ ਨੀਂ।
ਅਸਾਂ ਧਰਮ ਦੇ ਵਾਸਤੇ ਪੰਥ ਰਚਿਆ, ਧਾਨ ਪੂਜਾ ਦਾ ਸਿੰਘ ਹੋ ਖਾਵਣਾ ਨੀਂ।

ਦਾਸ ਹੋਈਆਂ ਭੁੱਲਾਂ ਦੀ ਮਾਫੀ ਚਾਹੁੰਦਾ ਹੈ ਜੀ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

# ਆਮ ਚੋਣਾਂ ਵਿੱਚ ਊਠ ਕਿਸ ਕਰਵਟ ਬੈਠੇਗਾ

-ਵਕੀਲ ਅਹਿਮਦ

ਦੇਸ਼ ਵਿੱਚ ਆਮ ਚੋਣਾਂ ਦਾ ਐਲਾਨ ਹੋ ਚੁੱਕਾ ਹੈ ਅਤੇ ਸਿਆਸੀ ਪਾਰਟੀਆਂ ਨੇ ਤਿਆਰੀਆਂ ਆਰੰਭ ਦਿੱਤੀਆਂ ਹਨ। ਊਠ ਕਿਸ ਕਰਵਟ ਬੈਠੇਗਾ, ਇਹ ਅੰਦਾਜ਼ਾ ਲਾਉਣਾ ਅਜੇ ਮੁਸ਼ਕਲ ਹੈ। ਜਿਸ ਤਰ੍ਹਾਂ ਪੁਲਵਾਮਾ ਕਾਂਡ ਮੋਦੀ ਲਈ ਇੱਕ ਮੌਕਾ ਬਣ ਗਿਆ ਅਤੇ ਪਾਕਿਸਤਾਨ 'ਤੇ ਏਅਰ ਸਟ੍ਰਾਈਕ ਕਰ ਕੇ ਉਨ੍ਹਾਂ ਨੇ ਊਠ ਦੀ ਕਰਵਟ ਨੂੰ ਆਪਣੇ ਵੱਲ ਕਰ ਲਿਆ ਹੈ, ਜੇ ਇਸੇ ਤਰ੍ਹਾਂ ਵਿਰੋਧੀ ਧਿਰ ਦੇ ਹੱਥ ਵੀ ਕੋਈ ਚਮਤਕਾਰ ਲੱਗ ਜਾਵੇ ਤਾਂ ਸ਼ਾਇਦ ਗੇਮ ਉਲਟੀ ਹੋ ਸਕਦੀ ਹੈ।

ਚੋਣਾਂ ਵੀ ਕ੍ਰਿਕਟ ਵਾਂਗ ਸੰਭਾਵਨਾਵਾਂ ਦੀ ਖੇਡ ਹਨ। ਅੱਜ ਮੋਦੀ ਵਿਰੋਧੀ ਧਿਰ ਨੂੰ ਖੂਬ ਨਿੰਦ ਰਹੇ ਹਨ, ਆਪਣੀ ਭੜਾਸ ਕੱਢ ਰਹੇ ਹਨ, ਲੋਕਾਂ ਨਾਲ ਸਿੱਧਾ ਸੰਵਾਦ ਉਨ੍ਹਾਂ ਦੀ ਤਾਕਤ ਹੈ ਅਤੇ ਇਸ ਵਿੱਚ ਵਿਰੋਧੀ ਧਿਰ ਨੂੰ ਨੀਚਾ ਦਿਖਾਉਣ ਦਾ ਉਹ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਯਕੀਨੀ ਤੌਰ 'ਤੇ ਮੋਦੀ ਕਿਸਮਤ ਦੇ ਧਨੀ ਤੇ ਸਿਆਸਤ ਦੇ ਚਲਾਕ ਖਿਡਾਰੀ ਹਨ। ਜਿੱਥੋਂ ਤੱਕ ਵਿਰੋਧੀ ਧਿਰ ਦਾ ਸਵਾਲ ਹੈ, ਕਾਂਗਰਸ ਗਠਜੋੜ ਨਾਲ ਮੋਦੀ ਦਾ ਕਿਲਾ ਢਾਹੁਣਾ ਚਾਹੁੰਦੀ ਹੈ, ਪਰ ਖੁਦ ਗਠਜੋੜ ਬਾਰੇ ਭਰਮ 'ਚ ਹੈ। ਯੂ ਪੀ ਵਿੱਚ ਸਮਾਜਵਾਦੀ ਪਾਰਟੀ-ਬਸਪਾ ਨਾਲ ਉਸ ਦਾ ਗੱਠਜੋੜ ਨਹੀਂ ਹੋਇਆ, ਹਾਲਾਂਕਿ ਸੰਭਾਵਨਾ ਬਰਕਰਾਰ ਹੈ। ਮੇਰੇ ਵਿਚਾਰ ਅਨੁਸਾਰ ਜੇ ਕਾਂਗਰਸ ਮੋਦੀ ਨੂੰ ਹਰਾਉਣਾ ਚਾਹੁੰਦੀ ਹੈ ਤਾਂ ਯੂ ਪੀ ਵਿੱਚ ਉਸ ਨੂੰ ਸਪਾ-ਬਸਪਾ ਨਾਲ ਤਾਲਮੇਲ ਬਿਠਾਉਣਾ ਚਾਹੀਦਾ ਹੈ ਅਤੇ ਪ੍ਰਿਅੰਕਾ ਗਾਂਧੀ ਨੂੰ ਸਿਰਫ ਪੂਰਬੀ ਯੂ ਪੀ ਤੱਕ ਸੀਮਿਤ ਨਾ ਰੱਖ ਕੇ ਦੇਸ਼ ਭਰ ਵਿੱਚ ਉਨ੍ਹਾਂ ਦੀਆਂ ਰੈਲੀਆਂ ਕਰਵਾਉਣੀਆਂ ਚਾਹੀਦੀਆਂ ਹਨ ਕਿਉਂਕਿ ਪ੍ਰਿਅੰਕਾ ਵੀ ਮੋਦੀ ਵਾਂਗ ਖੁੱਲ੍ਹ ਕੇ ਬੋਲਦੀ ਹੈ ਤੇ ਉਸ 'ਚ ਲੋਕਾਂ ਨਾਲ ਸਿੱਧੇ ਤੌਰ 'ਤੇ ਜੁੜਨ ਦੀ ਕਲਾ ਹੈ।

ਮੈਂ ਇੱਕ ਵਾਰ ਫਿਰ ਏਅਰ ਸਟ੍ਰਾਈਕ ਉਤੇ ਆਉਂਦਾ ਹਾਂ। ਪੁਲਵਾਮਾ ਹਮਲੇ ਦਾ ਬਦਲਾ ਭਾਰਤੀ ਫੌਜ ਨੇ ਏਅਰ ਸਟ੍ਰਾਈਕ ਨਾਲ ਲੈ ਲਿਆ, ਪਰ ਮੋਦੀ ਨੂੰ ਚਾਹੀਦਾ ਹੈ ਕਿ ਉਹ ਇਸ ਮਾਮਲੇ 'ਤੇ ਸਿਆਸਤ ਨਾ ਕਰਨ, ਇਸ ਦੇ ਬਹਾਨੇ ਵਿਰੋਧੀ ਪਾਰਟੀਆਂ ਨੂੰ ਨਾ ਨਿੰਦਣ, ਕਿਉਂਕਿ ਸਾਰੀਆਂ ਪਾਰਟੀਆਂ ਨੇ ਕਿਸੇ ਵੀ ਫੌਜੀ ਕਾਰਵਾਈ ਲਈ ਸਰਕਾਰ ਨੂੰ ਪੂਰਾ ਸਮਰਥਨ ਦਿੱਤਾ ਸੀ। ਅਜਿਹਾ ਕਰਨ ਨਾਲ ਲੋਕਾਂ 'ਚ ਇਹੋ ਸੰਦੇਸ਼ ਜਾਵੇਗਾ ਕਿ ਮੋਦੀ ਲਗਾਤਾਰ ਝੂਠ ਬੋਲ ਰਹੇ ਹਨ। ਲੋਕਾਂ ਨੂੰ ਵੀ ਪਤਾ ਹੈ ਕਿ ਪੁਲਵਾਮਾ ਹਮਲੇ ਤੋਂ ਬਾਅਦ ਮੋਦੀ ਨੇ ਖੁਦ ਸਰਬ ਪਾਰਟੀ ਮੀਟਿੰਗ ਸੱਦੀ ਸੀ ਅਤੇ ਸਾਰੀਆਂ ਸਿਆਸੀ ਪਾਰਟੀਆਂ ਨੇ ਇਕਸੁਰ ਵਿੱਚ ਸਰਕਾਰ ਨੂੰ ਕਾਰਵਾਈ ਲਈ ਹਮਾਇਤ ਦਿੱਤੀ ਸੀ। ਅੱਜ ਜੋ ਕੁਝ ਨੇਤਾ ਸਬੂਤ ਮੰਗ ਰਹੇ ਹਨ ਤਾਂ ਇਸ ਲਈ ਕਿ ਏਅਰ ਸਟ੍ਰਾਈਕ ਬਾਰੇ ਵਿਦੇਸ਼ੀ ਮੀਡੀਆ 'ਚ ਨਾਂਹ-ਪੱਖੀ ਗੱਲਾਂ ਆ ਰਹੀਆਂ ਹਨ। ਚੰਗਾ ਹੋਵੇ ਜੇ ਮੋਦੀ ਸਬੂਤ ਦੇ ਕੇ ਵਿਦੇਸ਼ੀ ਮੀਡੀਆ ਦਾ ਮੂੰਹ ਬੰਦ ਕਰ ਦੇਣ। ਮੋਦੀ ਇਹ ਵੀ ਨਾ ਸਮਝਣ ਕਿ ਏਅਰ ਸਟ੍ਰਾਈਕ ਨਾਲ ਉਨ੍ਹਾਂ ਨੇ ਕਿਲਾ ਫਤਹਿ ਕਰ ਲਿਆ ਹੈ। ਉਨ੍ਹਾਂ ਨੇ ਸਿਰਫ ਸੱਪ ਨੂੰ ਜ਼ਖਮੀ ਕੀਤਾ ਹੈ ਤੇ ਜ਼ਖਮੀ ਸੱਪ ਹਮੇਸ਼ਾ ਖਤਰਨਾਕ ਹੁੰਦਾ ਹੈ। ਅੱਜ ਨਹੀਂ ਤਾਂ ਕੱਲ੍ਹ ਖਤਰਾ ਵਧੇਗਾ। ਸਰਕਾਰ ਉਸ ਖਤਰੇ ਦਾ ਅੰਦਾਜ਼ਾ ਲਾ ਕੇ ਪੂਰੀ ਤਾਕਤ ਨਾਲ ਉਸ ਨੂੰ ਰੋਕੇ। ਕਸ਼ਮੀਰ 'ਚ ਦੁਬਾਰਾ ਕੋਈ ਦੁਰਘਟਨਾ ਨਾ ਵਾਪਰੇ, ਇਸ 'ਤੇ ਪੂਰੀ ਨਜ਼ਰ ਰੱਖੀ ਜਾਵੇ, ਨਾ ਕਿ ਰੈਲੀਆਂ ਵਿੱਚ ਏਅਰ ਸਟ੍ਰਾਈਕ ਦਾ ਗੁਣਗਾਨ ਕੀਤਾ ਜਾਵੇ। ਕਿਤੇ ਅਜਿਹਾ ਨਾ ਹੋਵੇ ਕਿ ਮੋਦੀ ਵੱਲੋਂ ਖੁਦ ਸਿਹਰਾ ਲੈਣ ਦੇ ਚੱਕਰ ਵਿੱਚ ਮੁੜ ਕੋਈ ਅਣਹੋਣੀ ਵਾਪਰ ਜਾਵੇ।

ਏਅਰ ਸਟ੍ਰਾਈਕ ਬਾਰੇ ਇੰਨਾ ਕੁ ਲਿਖਣਾ ਜ਼ਰੂਰੀ ਸੀ, ਕਿਉਂਕਿ ਇਸ ਨੂੰ ਚੋਣ ਮੁੱਦਾ ਬਣਾਇਆ ਜਾ ਰਿਹਾ ਹੈ, ਜੋ ਬਿਲਕੁਲ ਗਲਤ ਹੈ ਤੇ ਗਲਤਫਹਿਮੀ ਵਿੱਚ ਰਹਿਣ ਵਾਂਗ ਹੈ। ਖੈਰ, ਜੇ ਕਾਂਗਰਸ ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਕਿਲਾ ਫਤਹਿ ਕਰਨਾ ਹੈ ਤਾਂ ਉਸ ਨੂੰ ਸਹਿਯੋਗੀਆਂ ਨੂੰ ਪੂਰਾ ਸਨਮਾਨ ਦੇਣਾ ਪਵੇਗਾ ਅਤੇ ਉਨ੍ਹਾਂ 'ਤੇ ਭਰੋਸਾ ਕਰਨਾ ਪਵੇਗਾ। ਕਾਂਗਰਸ ਨੂੰ ਚਾਹੀਦਾ ਹੈ ਕਿ ਉਹ ਚੋਣਾਂ ਨੂੰ ਮੋਦੀ ਬਨਾਮ ਵਿਰੋਧੀ ਧਿਰ ਨਾ ਬਣਨ ਦੇਵੇ ਕਿਉਂਕਿ ਇਸ ਨਾਲ ਮੋਦੀ ਲੋਕਾਂ 'ਚ ਦਲੀਲਾਂ ਦੇ ਕੇ ਹਾਲਾਤ ਨੂੰ ਆਪਣੇ ਪੱਖ 'ਚ ਕਰਨ ਲਈ ਉਤਾਵਲੇ ਰਹਿੰਦੇ ਹਨ। ਕਾਂਗਰਸ ਲੋਕਾਂ ਨੂੰ ਦੱਸੇ ਕਿ ਜਿਸ ਏਅਰ ਸਟ੍ਰਾਈਕ ਨੂੰ ਮੋਦੀ ਆਪਣੀ ਜਿੱਤ ਦੱਸ ਰਹੇ ਹਨ, ਉਹ ਸਾਰੀਆਂ ਪਾਰਟੀਆਂ ਦੀ ਸਹਿਮਤੀ ਨਾਲ ਹੋਈ ਹੈ ਤੇ ਸਾਡੀ ਫੌਜ ਦੀ ਬਹਾਦਰੀ ਦੀ ਮਿਸਾਲ ਹੈ। ਕਾਂਗਰਸ ਇਸ ਦਾ ਸਿਹਰਾ ਕਿਸੇ ਇੱਕ ਆਗੂ ਨੂੰ ਨਾ ਲੈਣ ਦੇਵੇ, ਸਗੋਂ ਬੇਰੋਜ਼ਗਾਰੀ ਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ ਨੂੰ ਤਰਜੀਹ ਦੇਵੇ।

ਮੈਂ ਮੋਦੀ ਨੂੰ ਵੀ ਇਹ ਦੱਸਣਾ ਚਾਹੁੰਦਾ ਹਾਂ ਕਿ ਲੋਕਾਂ ਦੀਆਂ ਭਾਵਨਾਵਾਂ ਨੂੰ ਕੁਝ ਸਮੇਂ ਲਈ ਜੋਸ਼ੀਲੇ ਭਾਸ਼ਣਾਂ ਨਾਲ ਭੜਕਾਇਆ ਜਾ ਸਕਦਾ ਹੈ, ਪਰ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਪ੍ਰੇਸ਼ਾਨੀਆਂ ਨੂੰ ਦੂਰ ਨਹੀਂ ਕੀਤਾ ਜਾ ਸਕਦਾ। ਅੱਜ ਸਾਡੇ ਨੌਜਵਾਨ ਫੌਜ ਦੀ ਬਹਾਦਰੀ ਤੋਂ ਬਹੁਤ ਖੁਸ਼ ਹਨ, ਪਰ ਦੂਜੇ ਪਾਸੇ ਬੇਰੋਜ਼ਗਾਰੀ ਕਾਰਨ ਉਹ ਪ੍ਰੇਸ਼ਾਨ ਵੀ ਹਨ। ਅਸੀਂ ਇਹੋ ਕਾਮਨਾ ਕਰਦੇ ਹਾਂ ਕਿ ਅਜਿਹੀ ਸਰਕਾਰ ਚੁਣੀ ਜਾਵੇ, ਜੋ ਦੇਸ਼ ਦੇ ਕਿਸਾਨਾਂ, ਬੇਰੋਜ਼ਗਾਰਾਂ ਅਤੇ ਛੋਟੇ ਦੁਕਾਨਦਾਰਾਂ, ਜਿਨ੍ਹਾਂ ਨੂੰ ਮੈਂ ਅਰਧ-ਬੇਰੋਜ਼ਗਾਰ ਸਮਝਦਾ ਹਾਂ, ਬਾਰੇ ਸਪੱਸ਼ਟ ਤੌਰ 'ਤੇ ਸੋਚਦੀ ਹੋਵੇ। ਅਸੀਂ ਅਜਿਹੀ ਸਰਕਾਰ ਚੁਣਨੀ ਹੈ, ਜੋ ਦੇਸ਼ 'ਚ ਸਦਭਾਵਨਾ ਤੇ ਖੁਸ਼ਹਾਲੀ ਲਿਆ ਸਕੇ।

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193

148-2960 Drew Road, Mississauga ON L4T 0A5 | Harcharan S. Grover

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ


JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ; ਗਿਆਨ ਗੰਗਾ
॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ॥


• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਇਤਿਹਾਸਕ ਚਿਤਾਵਨੀ ਅਤੇ ਜਾਤ-ਪਾਤ ਦਾ ਭੇਦ-ਭਾਵ



ਜਸਵੰਤ ਸਿੰਘ 'ਅਜੀਤ'

ਬੀਤੇ ਦਿਨੀਂ ਫੇਸਬੁਕ ਤੇ ਇੱਕ ਅਜਿਹੀ ਪੋਸਟ ਪੜ੍ਹਨ ਨੂੰ ਮਿਲੀ, ਜਿਸਦੇ ਰਚਨ-ਾਕਾਰ ਆਸ਼ੁਤੋਸ ਰਾਣਾ ਅਨੁਸਾਰ ਸਾਡੇ ਦੇਸ਼ ਦਾ ਇਤਿਹਾਸ ਅਜਿਹੀਆਂ ਅਨੇਕਾਂ ਘਟਨਾਵਾਂ ਨਾਲ ਭਰਿਆ ਹੋਇਆ ਹੈ, ਜੇਕਰ ਉਨ੍ਹਾਂ ਤੋਂ ਸਿਖਿਆ ਲੈਣ ਦਾ ਕ੍ਰਮ ਜਾਰੀ ਰਖਿਆ ਜਾਂਦਾ ਤਾਂ ਅੱਜ ਸਾਡਾ ਦੇਸ਼ ਸੰਸਾਰ ਦੇ ਚੋਟੀ ਦੇਸ਼ਾਂ ਵਿੱਚ ਸ਼ੁਮਾਰ ਹੋ ਗਿਆ ਹੁੰਦਾ। ਉਹ ਲਿਖਦਾ ਹੈ ਕਿ ਜਦੋਂ ਬਾਬਰ ਆਪਣੀ ਘੋੜ ਸਵਾਰ ਤੇ ਪੈਦਲ ਸੈਨਾ ਦੇ ਨਾਲ ਭਾਰਤ ਵਲ ਵਧਿਆ ਤਾਂ ਉਸਦੇ ਨਾਲ ਕੇਵਲ ਦਸ ਹਜ਼ਾਰ ਦੇ ਲਗਭਗ ਹੀ ਸੈਨਿਕ ਸਨ। ਇੱਕ ਪੱਧਰ ਤਾਂ ਉਸਦੇ ਮਨ ਵਿੱਚ ਖਿਆਲ ਆਇਆ ਕਿ ਉਹ ਇੱਤਨੇ ਘਟ ਸੈਨਿਕਾਂ ਨਾਲ ਹਿੰਦੁਸਤਾਨ ਵਰਗੇ ਵਿਸ਼ਾਲ ਦੇਸ਼ ਨੂੰ ਕਿਵੇਂ ਜਿੱਤ ਸਕੇਗਾ? ਇਸ ਖਿਆਲ ਦੇ ਆਉਂਦਿਆਂ ਹੀ ਉਸਨੇ ਫੌਜ ਦਾ ਮੂੰਹ ਵਾਪਸ ਆਪਣੇ ਦੇਸ਼ ਵਲ ਮੋੜ ਲੈਣ ਦਾ ਵਿਚਾਰ ਬਣਾ ਲਿਆ। ਜਿਸ ਸਮੇਂ ਉਸਦੇ ਦਿਲ ਵਿੱਚ ਇਹ ਖਿਆਲ ਆਇਆ, ਉਸ ਸਮੇਂ ਰਾਤ ਦਾ ਹਨੇਰਾ ਵੱਧਦਾ ਜਾ ਰਿਹਾ ਸੀ। ਇਸਲਈ ਉਸਨੇ ਫੈਸਲਾ ਕੀਤਾ ਕਿ ਉਹ ਸਵੇਰੇ ਹੀ ਸੈਨਾ ਦੇ ਸਾਹਮਣੇ ਆਪਣੇ ਇਸ ਫੈਸਲੇ ਦਾ ਐਲਾਨ ਕਰ, ਵਾਪਸ ਆਪਣੇ ਵਤਨ ਵਲ ਮੁਹਾਰਾਂ ਮੋੜ ਲੈਣ ਦੀ ਹਿਦਾਇਤ ਦੇ ਦੇਵੇਗਾ। ਇਸੇ ਉਧੇੜ-ਬੁੰਨ ਵਿੱਚ ਹੀ ਸੀ ਕਿ ਅਚਾਨਕ ਉਸਨੇ ਵਿਸ਼ਾਲ ਭਾਰਤੀ ਸੈਨਾ ਦੇ ਕੈਂਪ ਵਿੱਚ ਕਈ ਵੱਖ-ਵੱਖ ਥਾਵਾਂ ਤੋਂ ਬਲਦੀ ਅੱਗ ਦੀਆਂ ਰੋਸ਼ਨੀਆਂ ਉਭਰਦੀਆਂ ਵੇਖੀਆ। ਉਸ ਤੁਰੰਤ ਹੀ ਆਪਣੇ ਸੂਹੀਆਂ ਨੂੰ ਇਨ੍ਹਾਂ ਬਲਦੀ ਅੱਗ ਦੀਆਂ ਰੋਸ਼ਨੀਆਂ ਦੇ ਸੰਬੰਧ ਵਿੱਚ ਜਾਣਕਾਰੀ ਹਾਸਿਲ ਕਰਨ ਲਈ ਭੇਜ ਦਿੱਤਾ। ਕੁਝ ਹੀ ਦੇਰ ਵਿੱਚ ਉਨ੍ਹਾਂ ਸੂਹੀਆਂ ਨੇ ਵਾਪਸ ਆ ਉਸਨੂੰ ਦਸਿਆ ਕਿ ਇਹ ਉਨ੍ਹਾਂ ਵੱਖ-ਵੱਖ ਚੁਲ੍ਹਿਆਂ ਵਿੱਚ ਬਲ ਰਹੀ ਅੱਗ ਦੀ ਰੋਸ਼ਨੀ ਹੈ, ਜਿਨ੍ਹਾਂ ਪੁਰ ਹਿੰਦੁਸਤਾਨੀ ਸੈਨਿਕ ਆਪੋ-ਆਪਣੀ ਰਸੋਈ ਬਣਾ ਰਹੇ ਹਨ। ਇਹ ਸਾਰੇ ਆਪਣੇ ਦੇਸ਼ ਵਿੱਚਲੇ ਵੱਖ-ਵੱਖ ਵਰਗਾਂ ਅਤੇ ਜਾਤੀਆਂ ਨਾਲ ਸੰਬੰਧਤ ਹਨ। ਇਹ ਲੋਕੀ ਇੱਕ-ਦੂਜੇ ਦੇ ਹੱਥ ਦਾ ਬਣਿਆ ਖਾਣਾ ਛੂਹੰਦੇ ਤਕ ਨਹੀਂ, ਖਾਣਾ ਤਾਂ ਦੂਰ ਰਿਹਾ।

ਇਹ ਸੁਣ ਬਾਬਰ ਦੀਆਂ ਅੱਖਾਂ ਵਿੱਚ ਇੱਕ ਚਮਕ ਜਿਹੀ ਆ ਗਈ ਤੇ ਉਸਨੇ ਝਟ ਹੀ ਵਾਪਸ ਮੁੜਨ ਦਾ ਫੈਸਲਾ ਤਿਆਗ ਦਿੱਤਾ, ਕਿਉਂਕਿ ਸੂਹੀਆਂ ਵਲੋਂ ਦਿੱਤੀ ਗਈ ਜਾਣਕਾਰੀ ਤੋਂ ਉਸਨੂੰ ਵਿਸ਼ਵਾਸ ਹੋ ਗਿਆ ਕਿ ਜਿਸ ਮੁਲਕ ਦੀ ਸੈਨਾ ਦੇ ਸਿਪਾਹੀ ਤੱਕ ਇੱਕ-ਦੂਜੇ ਦੇ ਹੱਥ ਦੀ ਰੋਟੀ ਨਹੀਂ ਖਾਂਦੇ 'ਤੇ ਇੱਕ ਦੂਜੇ ਨੂੰ ਆਪਣੇ ਨਾਲੋਂ ਨੀਵਾਂ ਸਮਝਦੇ ਹਨ, ਉਸ ਮੁਲਕ ਨੂੰ ਜਿਤਣਾ ਉਸ ਲਈ ਕੋਈ ਮੁਸ਼ਕਿਲ ਨਹੀਂ ਹੋਵੇਗਾ। ਬਸ ਫਿਰ ਕੀ ਸੀ, ਉਸਨੇ ਆਪਣੀ ਸੈਨਾ ਦੀਆਂ ਮੁਹਾਰਾਂ ਹਿੰਦੋਸਤਾਨ ਵਲ ਹੀ ਰਖੀਆਂ। ਇਤਿਹਾਸ ਗੁਆਹ ਹੈ ਕਿ ਉਸਨੇ ਮਾਤ੍ਰ ਦਸ ਹਜ਼ਾਰ ਦੀ ਸੈਨਾ ਦੇ ਨਾਲ ਹੀ ਵਿਸ਼ਾਲ ਹਿੰਦੁਸਤਾਨ ਵਿੱਚ ਮੁਗਲ ਰਾਜ ਦੀ ਮਜ਼ਬੂਤ ਨੀਂਹ ਰੱਖ ਦਿੱਤੀ।

ਭਾਰਤੀ ਸੰਸਦ ਵਿੱਚ ਰਿਸ਼ਵਤ, ਅਪਰਾਧ ਹੈ ਜਾਂ ਨਹੀਂ? : ਦੇਸ਼ ਦੀ ਸਰਵੁਚ ਅਦਾਲਤ ਸੁਪ੍ਰੀਮ ਕੋਰਟ ਦੇ ਚੀਫ ਜਸਟਿਸ ਦੀ ਪ੍ਰਧਾਨਗੀ ਹੇਠਲੇ ਤਿੰਨ ਮੈਂਬਰੀ ਬੈਂਚ ਨੇ 'ਕਿਸੇ ਸਾਂਸਦ ਜਾਂ ਵਿਧਾਇਕ ਦੇ ਸਦਨ ਅੰਦਰ ਕਿਸੇ ਦੇ ਪੱਖ ਵਿੱਚ ਵੋਟ ਦੇਣ ਲਈ, ਰਿਸ਼ਵਤ ਲੈਣ ਦੇ ਕੀਤੇ ਗੁਨਾਹ ਨੂੰ ਸੰਵਿਧਾਨ ਦੀ ਧਾਰਾ 105 (2) ਅਤੇ 194 (2) ਅਧੀਨ ਛੋਟ ਪ੍ਰਾਪਤ ਹੈ ਜਾਂ ਨਹੀਂ?' ਸੁਆਲ ਦਾ ਜਵਾਬ ਤਲਾਸ਼ਣ ਦੀ ਜ਼ਿਮੇਂਦਾਰੀ ਸੰਵਿਧਾਨਕ ਬੈਂਚ ਨੂੰ ਸੌਂਪੀ ਹੈ।

ਸੰਵਿਧਾਨ ਦੀ ਧਾਰਾ 194 (2) ਤੇ 105 (2) ਕੀ ਹਨ? ਇਸ ਸੰਬੰਧ ਵਿੱਚ ਦਸਿਆ ਜਾਂਦਾ ਹੈ ਕਿ ਇਨ੍ਹਾਂ ਧਾਰਾਵਾਂ ਤਹਿਤ ਵਿਧਾਨਸਭਾ ਜਾਂ ਸੰਸਦ ਦੇ ਅੰਦਰ ਮੈਂਬਰਾਂ ਵਲੋਂ ਕੀਤੀ ਗਈ ਕਿਸੇ ਵੀ ਕਾਰਵਾਈ (ਗੁਨਾਹ) ਦੇ ਲਈ ਇਨ੍ਹਾਂ ਸਦਨਾਂ ਦੇ ਮੈਂਬਰਾਂ ਨੂੰ ਛੋਟ ਪ੍ਰਾਪਤ ਹੈ। ਵਿਧਾਨਸਭਾ ਜਾਂ ਸੰਸਦ ਦੇ ਸਦਨ ਵਿੱਚ ਕੀਤੀ ਗਈ ਕਿਸੇ ਵੀ ਕਾਰਵਾਈ ਲਈ ਉਨ੍ਹਾਂ ਦੇ ਵਿਰੁਧ ਦੇਸ਼ ਦੀ ਕਿਸੇ ਵੀ ਅਦਾਲਤ ਵਿੱਚ ਮੁਕਦਮਾ ਨਹੀਂ ਚਲਾਇਆ ਜਾਂ ਸਕਦਾ। ਹਲਾਂਕਿ ਬੀਤੇ ਸਮੇਂ ਵਿੱਚ ਹੀ ਸੁਪ੍ਰੀਮ ਕੋਰਟ ਦਾ ਇਹ ਫੈਸਲਾ ਵੀ ਆ ਚੁਕਿਆ ਹੋਇਆ ਹੈ ਕਿ ਸਰਕਾਰੀ ਅਧਿਕਾਰੀ ਜਾਂ ਜਨਸੇਵਕ (ਵਿਧਾਇਕ ਜਾਂ ਸਾਂਸਦ) ਵਲੋਂ ਆਪਣੀ ਜ਼ਿਮੇਂਦਾਰੀ ਨਿਬਾਹੁੰਦਿਆਂ, ਹੋਈਆਂ ਗਲਤੀਆਂ ਲਈ ਤਾਂ ਛੋਟ ਪ੍ਰਾਪਤ ਹੋਵੇਗੀ, ਪਰ ਇਸ ਦੌਰਾਨ ਜੇ ਉਹ ਕੋਈ 'ਗੁਨਾਹ' ਕਰਦੇ ਹਨ ਅਰਥਾਤ ਰਿਸ਼ਵਤ ਲੈਂਦੇ ਹਨ ਜਾਂ ਕਿਸੇ ਨੂੰ ਚੋਟ ਪਹੁੰਚਾਂਦੇ ਹਨ ਤਾਂ ਉਸਦੇ ਲਈ ਉਨ੍ਹਾਂ ਨੂੰ ਛੋਟ ਪ੍ਰਾਪਤ ਨਹੀਂ ਹੋਵੇਗੀ। ਇਸ ਫੈਸਲੇ ਦੇ ਸਾਹਮਣੇ ਹੁੰਦਿਆਂ ਹੋਇਆਂ ਵੀ ਸੁਪ੍ਰੀਮ ਕੋਰਟ ਦੇ ਚੀਫ ਜਸਟਿਸ ਦੀ ਪ੍ਰਧਾਨਗੀ ਵਾਲਾ ਬੈਂਚ ਜੇ ਇਸ ਮੁੱਦੇ ਨੂੰ ਸਪਸ਼ਟ ਕਰਨ ਲਈ ਮਾਮਲਾ ਸੰਵਿਧਾਨਕ ਬੈਂਚ ਨੂੰ ਸੌਂਪਦਾ ਹੈ ਤਾਂ ਹੈਰਾਨੀ ਜ਼ਰੂਰ ਹੁੰਦੀ ਹੈ।

ਖੈਰ, ਇਹ ਗਲ ਵਖਰੀ ਹੈ। ਦੇਖਣਾ ਹੈ ਕਿ ਸੁਪ੍ਰੀਮ ਕੋਰਟ ਦੇ ਚੀਫ ਜਸਟਿਸ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਜਿਸ ਮਾਮਲੇ ਨੂੰ ਲੈ ਕੇ ਸਪਸਟੀਕਰਣ ਲਈ ਸੰਵਿਧਾਨਕ ਬੈਂਚ ਪਾਸ ਭੇਜਿਆ ਹੈ, ਉਹ ਹੈ ਕੀ? ਦਸਿਆ ਗਿਆ ਹੈ ਕਿ ਇਹ ਮਾਮਲਾ ਝਾਂਰਖੰਡ ਦੀ ਜੇਐਮਐਸ ਵਿਧਾਇਕ ਅਤੇ ਸਾਬਕਾ ਮੁਖ ਮੰਤਰੀ ਸ਼ਿਬੂ ਸੋਰੇਨ ਦੀ ਨੂੰਹ ਸੀਤਾ ਸੋਰੇਨ ਦੀ ਅਪੀਲ ਪੁਰ ਵਿਚਾਰ ਕਰਦਿਆਂ, ਚੀਫ ਜਸਟਿਸ ਦੀ ਪ੍ਰਧਾਨਗੀ ਵਾਲੇ ਬੈਂਚ ਵਲੋਂ ਸੰਵਿਧਾਨਕ ਬੈਂਚ ਨੂੰ ਭੇਜਿਆ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਸੀਤਾ ਸੋਰੇਨ ਨੇ ਝਾਰਖੰਡ ਹਾਈਕੋਰਟ ਦੇ ਉਸ ਫੈਸਲੇ ਵਿਰੁਧ ਅਪੀਲ ਕੀਤੀ ਹੋਈ ਹੈ, ਜਿਸ ਵਿੱਚ ਹਾਈਕੋਰਟ ਨੇ ਕਿਹਾ ਹੈ ਕਿ ਉਹ ਸੰਵਿਧਾਨ ਦੀ ਧਾਰਾ 192 (2) ਅਧੀਨ ਛੋਟ ਦੀ ਹਕਦਾਰ ਨਹੀਂ। ਦਸਿਆ ਜਾਂਦਾ ਹੈ ਕਿ ਸੀਤਾ ਸੋਰੇਨ ਵਿਰੁਧ ਸੰਨ-2012 ਵਿੱਚ ਰਾਜਸਭਾ ਦੀਆਂ ਚੋਣਾਂ ਵਿੱਚ (ਕਥਤ ਰਿਸ਼ਵਤ ਲੈਕੇ) ਇੱਕ ਵਿਅਕਤੀ ਵਿਸ਼ੇਸ਼ ਦੇ ਹੱਕ ਵਿੱਚ ਮਤਦਾਨ ਕਰਨ ਦਾ ਦੋਸ਼ ਹੈ। (ਬਾਅਦ ਵਿੱਚ ਇਹ ਚੋਣ ਰੱਦ ਹੋ ਗਈ ਸੀ ਅਤੇ ਜਾਂਚ ਲਈ ਮਾਮਲਾ ਸੀਬੀਆਈ ਨੂੰ ਦੇ ਦਿੱਤਾ ਗਿਆ ਸੀ)। ਬੈਂਚ ਨੇ ਕਿਹਾ ਹੈ ਕਿ ਅਸੀਂ ਜਾਣਦੇ ਹਾਂ ਕਿ ਪੀਵੀ 'ਨਰਸਿਮ੍ਹਾ ਰਾਓ ਬਾਨਮ ਰਾਜ (ਸਰਕਾਰ) ਮਾਮਲੇ (1998) ਵਿੱਚ ਪੰਜ ਜਸਟਿਸਾਂ ਦੇ ਬੈਂਚ ਨੇ ਇਸ ਸਵਾਲ ਦਾ ਜਵਾਬ ਦੇ ਦਿੱਤਾ ਹੋਇਆ ਹੈ, ਪ੍ਰੰਤੂ ਇਸ ਸਵਾਲ ਦਾ ਦੂਰਗਾਮੀ ਪ੍ਰਭਾਵ ਹੈ ਅਤੇ ਜੋ ਮਾਮਲਾ ਉਨ੍ਹਾਂ ਦੇ ਸਾਹਮਣੇ ਆਇਆ ਹੈ, ਉਹ ਬਹੁਤ ਹੀ ਮਹਤੱਤਾ-ਪੂਰਣ ਅਤੇ ਵੱਡੇ ਜਨਹਿਤ ਨਾਲ ਸੰਬੰਧਤ ਹੈ, ਇਸਲਈ ਇਸਨੂੰ ਵਧੇਰੇ ਸਪਸ਼ਟੀਕਰਣ ਲਈ ਸੰਵਿਧਾਨਕ ਬੈਂਚ ਨੂੰ ਭੇਜ ਰਹੇ ਹਨ। ਇਥੇ ਇਹ ਗਲ ਵਰਨਣਯੋਗ ਹੈ ਕਿ ਨਰਸਿਮ੍ਹਾ ਰਾਓ ਬਨਾਮ ਰਾਜ (ਸਰਕਾਰ) ਮਾਮਲੇ ਵਿੱਚ ਅਵਿਸ਼ਵਾਸ ਪ੍ਰਸਤਾਵ ਦੇ ਵਿਰੁਧ ਵੋਟ ਦੇਣ ਲਈ ਸਾਂਸਦਾਂ ਨੂੰ ਰਿਸ਼ਵਤ ਦੇਣ ਦਾ ਦੋਸ਼ ਸੀ। ਉਚ ਅਦਾਲਤ ਨੇ ਇਸ ਮਾਮਲੇ ਵਿੱਚ ਬਹੁਮਤ (ਪੰਜ ਵਿਚੋਂ ਤਿੰਨ ਜਸਟਿਸਾਂ) ਦੇ ਫੈਸਲੇ ਵਿੱਚ ਕਿਹਾ ਗਿਆ ਸੀ ਕਿ ਜਨ ਪ੍ਰਤੀਨਿਧ (ਸਾਂਸਦ) ਵਲੋਂ ਸੰਸਦ ਦੇ ਸਦਨ ਵਿੱਚ ਕੀਤੀ ਗਈ ਕਿਸੇ ਵੀ ਕਾਰਵਾਈ ਲਈ ਉਸ ਵਿਰੁਧ ਮਾਮਲਾ ਨਹੀਂ ਚਲਾਇਆ ਜਾ ਸਕਦਾ, ਕਿਉਂਕਿ ਧਾਰਾ 105 (2) ਦੇ ਤਹਿਤ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਤੋਂ ਛੋਟ ਪ੍ਰਾਪਤ ਹੈ। ਜਦਕਿ ਪੰਜ ਜਸਟਿਸਾਂ ਵਿਚੋਂ ਦੋ ਜਸਟਿਸਾਂ ਨੇ ਇਸ ਫੈਸਲੇ ਵਿੱਚ ਕਿਹਾ ਸੀ ਕਿ ਇਨ੍ਹਾਂ ਸੰਵਿਧਾਨਕ ਪ੍ਰਾਵਧਾਨਾਂ ਤਹਿਤ ਦਿੱਤੀ ਗਈ ਛੋਟ, ਸਦਨ ਵਿੱਚ 'ਖਾਸ' ਤਰ੍ਹਾਂ ਦੇ ਭਾਸ਼ਣ ਦੇਣ ਜਾਂ ਵੋਟ ਦੇਣ ਦੇ ਲਈ, ਲਈ ਗਈ ਰਿਸ਼ਵਤ ਤਕ ਵਧਾਈ (ਵਿਸਤ੍ਰਿਤ ਕੀਤੀ) ਨਹੀਂ ਜਾ ਸਕਦੀ।

...ਅਤੇ ਅੰਤ ਵਿੱਚ : ਦਿੱਲੀ ਮੈਟਰੋ ਵਿੱਚ ਯਾਤਰੀਆਂ ਨੂੰ ਸਭ ਤੋਂ ਵੱਧ ਨਿਸ਼ਾਨਾ ਮਹਿਲਾ (ਇਸਤ੍ਰੀਆਂ) ਜੇਬ-ਕਤਰੀਆਂ ਵਲੋਂ ਬਣਾਇਆ ਜਾ ਰਿਹਾ ਹੈ। ਇਹ ਖੁਲਾਸਾ ਕਰਦਿਆਂ ਦਸਿਆ ਗਿਆ ਹੈ ਕਿ ਬੀਤੇ ਵਰ੍ਹੇ ਅਰਥਾਤ ਸੰਨ 2018 ਵਿੱਚ ਮੈਟਰੋ ਸਟੇਸ਼ਨ ਕੰਪਲੈਕਸਾਂ ਵਿੱਚ ਸੀਆਈਐਸਐਫ ਵਲੋਂ ਜੋ 498 ਜੇਬਕਤਰੇ ਪਕੜੇ ਗਏ ਉਨ੍ਹਾਂ ਵਿਚੋਂ 470 ਅਰਥਾਤ 94 ਪ੍ਰਤੀਸ਼ਤ ਮਹਿਲਾਵਾਂ (ਇਸਤ੍ਰੀਆਂ) ਸਨ। ਇਸੇ ਤਰ੍ਹਾਂ ਸੰਨ 2019 ਦੇ ਅਰੰਭ ਵਿੱਚ ਜੋ 15 ਜੇਬਕਤਰੇ ਪਕੜੇ ਗਏ, ਉਹ ਸਾਰੇ ਹੀ ਮਹਿਲਾਵਾਂ (ਇਸਤ੍ਰੀਆਂ) ਹੀ ਹਨ। ਪੁਲਿਸ ਇਸਦਾ ਕਾਰਣ ਇਹ ਦਸਦੀ ਹੈ ਕਿ ਆਮ ਤੋਰ ਤੇ ਲੋਕੀ ਔਰਤਾਂ ਪੁਰ ਜੇਬ ਕਤਰਾ ਹੋਣ ਦਾ ਸ਼ਕ ਨਹੀਂ ਕਰਦੇ, ਇਸ ਕਰਕੇ ਉਹ ਅਸਾਨੀ ਨਾਲ ਇਸ ਗਲ ਦਾ ਲਾਭ ਉਟਾ, ਵਾਰਦਾਤ ਅਮਜਾਮ ਦੇ ਦਿੰਦਿਆਂ ਹਨ।

ਮੋਬਾ: + 91 95 82 71 98 90


ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



Dr. Randhawa Dentistry

Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd / Mcvean Dr / Gore Rd / Countryside Dr / Squire Ellis Dr / DENTISTRY

NEED A LAWYER ??
KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# ਨਵਜੋਤ ਸਿੰਘ ਸਿੱਧੂ ਨੂੰ ਕਾਂਗਰਸ ਨੇ ਲੋਕ ਸਭਾ ਚੋਣਾਂ ਲਈ ਵੱਡੀ ਜ਼ਿੰਮੇਵਾਰੀ ਦਿੱਤੀ

ਚੰਡੀਗੜ੍ਹ, 14 ਮਾਰਚ (ਪੋਸਟ ਬਿਊਰੋ)- ਹਾਲੇ ਕੁਝ ਮਹੀਨੇ ਪਹਿਲਾਂ ਭਾਰਤ ਦੇ ਪੰਜ ਰਾਜਾਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਮੌਕੇ ਕਾਂਗਰਸ ਪਾਰਟੀ ਨੇ 3 ਰਾਜਾਂ ਵਿੱਚ ਚੋਣ ਜਿੱਤੀ ਸੀ। ਉਦੋਂ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਇਨ੍ਹਾਂ ਤਿੰਨ ਰਾਜਾਂ ਲਈ ਸਟਾਰ ਪ੍ਰਚਾਰਕ ਸਨ। ਐਤਕੀਂ ਲੋਕ ਸਭਾ ਚੋਣਾਂ ਦੌਰਾਨ ਵੀ ਨਵਜੋਤ ਸਿੰਘ ਸਿੱਧੂ ਨੂੰ ਪਾਰਟੀ ਨੇ ਸਟਾਰ ਪ੍ਰਚਾਰਕ ਬਣਾ ਲਿਆ ਹੈ। ਇਹ ਗੱਲ ਪੰਜਾਬ ਕਾਂਗਰਸ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਦੱਸੀ ਹੈ।



ਆਸ਼ਾ ਕੁਮਾਰੀ ਨੇ ਦੱਸਿਆ ਕਿ ਨਵਜੋਤ ਸਿੰਘ ਸਿੱਧੂ ਪੂਰੇ ਦੇਸ਼ ਵਿੱਚ ਕਾਂਗਰਸ ਦੇ ਸਟਾਰ ਪ੍ਰਚਾਰਕਾਂ ਵਿੱਚੋਂ ਇੱਕ ਹਨ। ਉਨ੍ਹਾਂ ਕੋਲ ਲੋਕਾਂ ਨਾਲ ਜੁੜਨ ਦਾ ਸਲੀਕਾ ਹੈ ਤੇ ਪ੍ਰਚਾਰ ਮੁਹਿੰਮ ਚੰਗੀ ਚਲਾਉਂਦੇ ਹਨ। ਪਿਛਲੇ ਸਾਲ ਪੰਜ ਰਾਜਾਂ ਦੇ ਲਈ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਚੋਣ ਪ੍ਰਚਾਰ ਮੁਹਿੰਮ ਵਿੱਚ ਨਵਜੋਤ ਸਿੱਧੂ ਨੇ ਅਹਿਮ ਭੂਮਿਕਾ ਨਿਭਾਈ ਸੀ। ਉਸ ਦੀ ਯੋਗਤਾ ਕਰ ਕੇ ਕਾਂਗਰਸ ਪਾਰਟੀ ਉਨ੍ਹਾਂ ਨੂੰ ਫਿਰ ਅੱਗੇ ਲਿਆ ਰਹੀ ਹੈ। ਵਰਨਣ ਯੋਗ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਸਿੱਧੂ ਵੱਲੋਂ ਕੀਤੇ ਗਏ ਪ੍ਰਚਾਰ ਸਦਕਾ ਕਾਂਗਰਸ ਨੇ ਉਨ੍ਹਾਂ-ਉਨ੍ਹਾਂ ਥਾਵਾਂ ਉਤੇ ਭਾਜਪਾ ਨੂੰ ਕਰਾਰੀ ਹਾਰ ਦਿੱਤੀ, ਜਿੱਥੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਚੋਣ ਪ੍ਰਚਾਰ ਕੀਤਾ ਸੀ। ਤਿੰਨ ਰਾਜਾਂ ਵਿੱਚ ਕਾਂਗਰਸ ਦੀ ਜਿੱਤ ਤੋਂ ਬਾਅਦ ਪਾਰਟੀ ਨੇ ਦਿੱਲੀ ਵਿੱਚ ਜਿਹੜੀ ਪ੍ਰੈੱਸ ਕਾਨਫਰੰਸ ਕੀਤੀ ਸੀ, ਉਸ ਵਿੱਚ ਰਾਹੁਲ ਗਾਂਧੀ ਨੇ ਸਿੱਧੂ ਨੂੰ ਆਪਣੇ ਨਾਲ ਬਿਠਾ ਕੇ ਪੂਰਾ ਸਨਮਾਨ ਦਿੱਤਾ ਸੀ ਤੇ ਉਹ ਥਾਂ ਅਜੇ ਵੀ ਕਾਇਮ ਹੈ।

# ਬਾਦਲ ਪਰਿਵਾਰ ਵਿੱਚੋਂ ਬੱਬੀ ਬਾਦਲ ਨੇ ਪਾਰਟੀ ਛੱਡੀ ਤੇ ਅਕਾਲੀ ਦਲ ਟਕਸਾਲੀ ਵਿੱਚ ਗਿਆ

## * ਤਾਕਤ ਦੀ ਭੁੱਖੀ ਪਾਰਟੀ ਬਣ ਗਿਐ ਅਕਾਲੀ ਦਲ : ਬੱਬੀ ਬਾਦਲ

ਚੰਡੀਗੜ੍ਹ, 14 ਮਾਰਚ (ਪੋਸਟ ਬਿਊਰੋ)- ਪੰਜਾਬ ਦੀ ਰਾਜਨੀਤੀ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਬਾਦਲ ਪਰਵਾਰ ਦੇ ਮੈਂਬਰ ਬੱਬੀ ਬਾਦਲ ਨੇ ਅੱਜ ਬਾਦਲ ਅਕਾਲੀ ਦਲ ਦਾ ਸਾਥ ਛੱਡ ਦਿੱਤਾ ਅਤੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੇ ਨੇ ਇਸ ਮੌਕੇ ਬਾਦਲ ਅਕਾਲੀ ਦਲ ਉੱਤੇ ਗੰਭੀਰ ਦੋਸ਼ ਲਾਏ ਹਨ।



ਬੱਬੀ ਬਾਦਲ ਅਕਾਲੀ ਦਲ ਦਾ ਸਾਥ ਛੱਡ ਕੇ ਅਕਾਲੀ ਦਲ (ਟਕਸਾਲੀ) ਵਿਚ ਸ਼ਾਮਲ ਹੋਣ ਸਮੇਂ।

ਅੱਜ ਬੱਬੀ ਬਾਦਲ ਨੇ ਅਪਣਾ ਅਸਤੀਫ਼ਾ ਦੇਣ ਦੇ ਮੁੱਖ ਕਾਰਨ ਬਾਰੇ ਕਿਹਾ ਕਿ ਬੇਅਦਬੀ ਦੇ ਕੇਸਾਂ ਵਿਚ ਪਹਿਲਾਂ ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਅਪਣੇ ਬਿਆਨ ਦਿਤੇ ਸਨ, ਪਰ ਜਦੋਂ ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਵਰਗੇ ਆਗੂ ਫਸਣ ਲੱਗੇ ਤਾਂ ਬਾਦਲਾਂ ਨੇ ਫ਼ੈਸਲਾ ਲਿਆ ਕਿ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਦਾ ਸਹਿਯੋਗ ਨਹੀਂ ਕਰਾਂਗੇ ਅਤੇ ਬਾਈਕਾਟ ਕਰਾਂਗੇ। ਉਨ੍ਹਾਂ ਕਿਹਾ ਕਿ ਇਹ ਬਾਈਕਾਟ ਕਰਨ ਦੀ ਗੱਲ ਉਨ੍ਹਾਂ ਨੂੰ ਗਲਤ ਲੱਗੀ ਹੈ, ਜਿਸ ਕਾਰਨ ਉਨ੍ਹਾਂ ਨੇ ਅਸਤੀਫ਼ਾ ਦਿਤਾ ਹੈ। ਬੱਬੀ ਬਾਦਲ ਨੇ ਕਿ ਉਨ੍ਹਾਂ ਨੂੰ ਅਹੁਦਿਆਂ ਤੋਂ ਵਾਂਝਾ ਰੱਖਿਆ ਗਿਆ, ਇਹ ਵੀ ਅਸਤੀਫ਼ੇ ਦਾ ਇੱਕ ਕਾਰਨ ਤਾਂ ਸੀ, ਪਰ ਇਸ ਨੂੰ ਉਹ ਸਹਿ ਲੈਂਦੇ, ਜੇ ਅਕਾਲੀ ਦਲ ਵਿੱਚ ਟਕਸਾਲੀ ਕਦਰਾਂ ਕੀਮਤਾਂ ਜਿੰਦਾ ਰਹਿੰਦੀਆਂ। ਅਕਾਲੀ ਦਲ ਅਪਣੇ ਰਸਤੇ ਤੋਂ ਭਟਕ ਚੁੱਕਾ ਹੋਣ ਕਰਕੇ ਉਨ੍ਹਾਂ ਨੇ ਅਸਤੀਫ਼ਾ ਦਿਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਸਿੱਖੀ ਸਿਧਾਂਤ ਛੱਡ ਕੇ ਤਾਕਤ ਦੀ ਭੁੱਖੀ ਪਾਰਟੀ ਵਜੋਂ ਕੰਮ ਕਰਨ ਲੱਗਾ ਹੈ ਅਤੇ ਅਕਾਲੀ ਦਲ ਵਿਚ ਬਾਦਲਾਂ ਦਾ ਪਰਵਾਰਵਾਦ ਨਹੀਂ, ਮਜੀਠੀਆਵਾਦ ਹਾਵੀ ਹੋ ਰਿਹਾ ਹੈ। ਇਸ ਮੌਕੇ ਮਜੀਠੀਆ ਪਰਵਾਰ ਅਕਾਲੀ ਦਲ ਨੂੰ ਚਲਾ ਰਿਹਾ ਹੈ, ਪਾਰਟੀ ਦੇ ਸੀਨੀਅਰ ਲੀਡਰਾਂ ਦੀ ਕੋਈ ਵੁੱਕਤ ਹੀ ਨਹੀਂ ਅਤੇ ਇਹ ਬਾਦਲਾਂ ਲਈ ਵੀ ਚੰਗੇ ਸੰਕੇਤ ਨਹੀਂ। ਉਨ੍ਹਾਂ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਨੂੰ ਕਈ ਵਾਰ ਉਨ੍ਹਾਂ ਨੇ ਸੁਝਾਅ ਦਿਤੇ ਅਤੇ ਸਮਝਾਇਆ ਕਿ ਉਹ ਇਸ ਤਰ੍ਹਾਂ ਦੇ ਕੰਮ ਨਾ ਕਰਨ, ਜਿਸ ਨਾਲ ਲੋਕ ਦੂਰ ਹੋ ਜਾਣ, ਪਰ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਦੀ ਇਕ ਨਾ ਸੁਣੀ, ਸਗੋਂ ਕਿਹਾ ਕਿ 'ਤੂੰ ਆਸ਼ਾਵਾਦੀ ਨਹੀਂ, ਨਿਰਾਸ਼ਾਵਾਦੀ ਹੈ', ਜਿਸ ਕਰਕੇ ਅੱਜ ਉਨ੍ਹਾਂ ਨੇ ਪਾਰਟੀ ਤੋਂ ਅਸਤੀਫ਼ਾ ਦਿਤਾ ਹੈ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਵਿਚ ਗੁਰੂ ਕੀ ਗੋਲਕ ਦੇ ਪੈਸੇ ਦੀ ਗਲਤ ਵਰਤੋਂ ਕੀਤੀ ਜਾਂਦੀ ਹੈ, ਗੁਰੂ ਕਾ ਲੰਗਰ ਸਿਆਸੀ ਰੈਲੀਆਂ ਵਿਚ ਭੇਜਿਆ ਜਾਂਦਾ ਅਤੇ ਹੋਰ ਵੀ ਬਹੁਤ ਕੁਝ ਗਲਤ ਹੁੰਦਾ ਹੈ। ਬੱਬੀ ਬਾਦਲ ਨੇ ਕਿਹਾ ਕਿ ਮੇਰਾ ਟੀਚਾ ਹੈ ਕਿ ਯੂਥ ਅਕਾਲੀ ਦਲ ਟਕਸਾਲੀ ਵਿਚ ਪੈਸੇ ਵਾਲਿਆਂ ਦੀ ਥਾਂ ਸਧਾਰਨ ਪਰਵਾਰਾਂ ਦੇ ਲੜਕੇ ਭਰਤੀ ਕਰੀਏ।

## ਬੇਕਾਬੂ ਕਾਰ ਨੇ ਦੋ ਜਣੇ ਕੁਚਲੇ, ਇਕ ਦੀ ਮੌਤ

ਜਲੰਧਰ, 14 ਮਾਰਚ (ਪੋਸਟ ਬਿਊਰੋ)- ਥਾਣਾ ਅੱਠ ਦੀ ਹੱਦ ਵਿਚਲੇ ਪਠਾਨਕੋਟ ਰੋਡ 'ਤੇ ਕੱਲ੍ਹ ਸਵੇਰੇ ਫੌਜ ਦੀ ਛੁੱਟੀ ਕੱਟ ਕੇ ਆਪਣੇ ਪਰਵਾਰ ਸਮੇਤ ਬੀਕਾਨੇਰ ਜਾ ਰਹੇ ਫੌਜੀ ਦੀ ਕਾਰ ਓਦੋਂ ਬੇਕਾਬੂ ਹੋ ਗਈ, ਜਦ ਇਕ ਟਰੱਕ ਨੇ ਉਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਕਾਰ ਸਰਵਿਸ ਮਾਰਗ 'ਤੇ ਜਾਂਦੇ ਸਾਈਕਲ ਤੇ ਐਕਟਿਵਾ ਸਵਾਰ 'ਚ ਜਾ ਵੱਜੀ। ਇਸ ਦੇ ਨਾਲ ਸਾਈਕਲ ਸਵਾਰ ਦੀ ਮੌਤ ਹੋ ਗਈ, ਜਦ ਕਿ ਐਕਟਿਵਾ ਸਵਾਰ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਫੌਜੀ ਬੀਕਾਨੇਰ ਯੂਨਿਟ ਵਿੱਚ ਤਾਇਨਾਤ ਹੈ, ਆਪਣੇ ਘਰ ਛੁੱਟੀ 'ਤੇ ਆਇਆ ਹੋਇਆ ਸੀ। ਛੁੱਟੀ ਖਤਮ ਹੋਣ ਉਪਰੰਤ ਉਹ ਕੱਲ੍ਹ ਆਪਣੀ ਸਵਿਫਟ ਕਾਰ 'ਚ ਪਰਵਾਰ ਸਮੇਤ ਵਾਪਸ ਬੀਕਾਨੇਰ ਯੂਨਿਟ ਵਿੱਚ ਜਾ ਰਿਹਾ ਸੀ। ਜਦ ਉਹ ਪਠਾਨਕੋਟ ਰੋਡ ਪੁੱਜਾ ਤਾਂ ਟਰੱਕ ਦੀ ਟੱਕਰ ਨਾਲ ਉਸ ਦੀ ਗੱਡੀ ਬੇਕਾਬੂ ਹੋ ਕੇ ਸਰਵਿਸ ਮਾਰਗ 'ਤੇ ਚਲੀ ਗਈ, ਜਿਥੇ ਦੂਜੀ ਸਾਈਡ ਤੋਂ ਆ ਰਹੇ ਸਾਈਕਲ ਤੇ ਐਕਟਿਵਾ ਸਵਾਰ 'ਚ ਜਾ ਵੱਜੀ।

## ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਵਿਆਹ ਕਰਵਾਇਆ

ਪਟਿਆਲਾ, 14 ਮਾਰਚ (ਪੋਸਟ ਬਿਊਰੋ)- ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਵਿਆਹ ਕਰਾਉਣ ਦਾ ਇੱਕ ਹੋਰ ਕੇਸ ਪਤਾ ਲੱਗਾ ਹੈ। ਬਾਅਦ ਵਿੱਚ ਨਾ ਵਿਦੇਸ਼ ਭੇਜਿਆ ਅਤੇ ਨਾ ਤਲਾਕ ਦਿੱਤਾ। ਪੁਲਸ ਨੇ ਵਿਆਹੁਤਾ ਦੀ ਸ਼ਿਕਾਇਤ 'ਤੇ ਦੋਸ਼ੀ ਪਤੀ ਸਮੇਤ ਤਿੰਨ ਜਣਿਆਂ ਖਿਲਾਫ ਕੇਸ ਦਰਜ ਕਰ ਲਿਆ ਹੈ, ਪਰ ਅਜੇ ਕਿਸੇ ਦੀ ਗ੍ਰਿਫਤਾਰੀ ਨਹੀਂ ਹੋ ਸਕੀ।

ਕਮਲਪ੍ਰੀਤ ਕੌਰ ਵਾਸੀ ਰਣਜੀਤ ਨਗਰ ਭਾਦਸੋਂ ਰੋਡ ਪਟਿਆਲਾ ਨੇ ਪੁਲਸ ਨੂੰ ਬਿਆਨ ਦਿੱਤਾ ਹੈ ਕਿ ਉਹ ਵਿਦੇਸ਼ ਵਿੱਚ ਸੈਟਲ ਲੜਕੇ ਨਾਲ ਵਿਆਹ ਕਰਨਾ ਚਾਹੁੰਦੀ ਸੀ। ਇਸ ਦੌਰਾਨ ਉਸ ਦਾ ਪਰਵਾਰ ਦੋ ਸਾਲ ਪਹਿਲਾਂ ਜ਼ਿਲਾ ਨਵਾਂ ਸ਼ਹਿਰ ਦੇ ਵਸਨੀਕ ਸਿਮਰਤਪਾਲ ਸਿੰਘ ਅਤੇ ਰਾਜਵੀਰ ਸਿੰਘ ਦੇ ਸੰਪਰਕ ਵਿੱਚ ਆਇਆ। ਦੋਵੇਂ ਵੀਜ਼ਾ ਲਗਵਾ ਕੇ ਲੋਕਾਂ ਨੂੰ ਵਿਦੇਸ਼ ਭੇਜਣ ਦਾ ਕੰਮ ਕਰਦੇ ਸਨ। ਦੋਸ਼ੀਆਂ ਨੇ ਉਸ ਦੇ ਪਰਵਾਰ ਨੂੰ ਝਾਂਸਾ ਦਿੱਤਾ ਕਿ ਉਹ ਉਸ ਦਾ ਵਿਆਹ ਉਨ੍ਹਾਂ ਦੀ ਪਛਾਣ ਦੇ ਹਰਜਿੰਦਰ ਸਿੰਘ ਵਾਸੀ ਜੇਠੂਮਾਜਰਾ ਜ਼ਿਲਾ ਨਵਾਂ ਸ਼ਹਿਰ ਨਾਲ ਕਰਵਾ ਦੇਣਗੇ। ਵਿਆਹ ਪਿੱਛੋਂ ਹਰਜਿੰਦਰ ਸਿੰਘ ਹੀ ਲੜਕੀ ਨੂੰ ਆਈਲੈਟਸ ਕਰਵਾਏਗਾ ਤੇ ਫਿਰ ਉਹ ਉਨ੍ਹਾਂ ਦੋਵਾਂ ਦਾ ਵੀਜ਼ਾ ਲਵਾ ਕੇ ਵਿਦੇਸ਼ ਭੇਜ ਦੇਣਗੇ। ਝਾਂਸੇ ਵਿੱਚ ਆ ਕੇ ਕਮਲਪ੍ਰੀਤ ਕੌਰ ਦਾ ਵਿਆਹ ਹਰਜਿੰਦਰ ਸਿੰਘ ਨਾਲ ਕਰ ਦਿੱਤਾ ਗਿਆ। ਇਸ ਦੇ ਬਾਅਦ ਵਿਦੇਸ਼ ਜਾਣ ਦੀ ਗੱਲ ਅਕਸਰ ਹਰਜਿੰਦਰ ਸਿੰਘ ਟਾਲਦਾ ਰਿਹਾ। ਜਦ ਉਸ ਨੇ ਤਲਾਕ ਮੰਗਿਆ ਤਾਂ ਦੇਣ ਤੋਂ ਇਨਕਾਰ ਕਰ ਦਿੱਤਾ। ਪੁਲਸ ਨੇ ਇਸ ਬਿਆਨ 'ਤੇ ਤਿੰਨਾਂ ਦੋਸ਼ੀਆਂ ਦੇ ਖਿਲਾਫ ਧੋਖਾਧੜੀ ਦੇ ਦੋਸ਼ ਵਿੱਚ ਕੇਸ ਦਰਜ ਕਰ ਲਿਆ ਹੈ।

## ਖੇਡਦੇ ਹੋਏ ਤਿੰਨ ਸਾਲਾ ਬੱਚੇ ਦੀ ਨਾਲੇ ਵਿੱਚ ਡਿੱਗਣ ਨਾਲ ਮੌਤ

ਮਾਨਸਾ, 14 ਮਾਰਚ (ਪੋਸਟ ਬਿਊਰੋ)- ਮੁਹੱਲਾ ਵੀਰ ਨਗਰ ਵਿੱਚ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਤਿੰਨ ਸਾਲ ਦੇ ਬੱਚੇ ਦੀ ਘਰ ਦੇ ਬਾਹਰ ਬਣੇ ਕਰੀਬ ਸਾਢੇ ਤਿੰਨ ਫੁੱਟ ਡੂੰਘੇ ਨਾਲੇ ਵਿੱਚ ਡਿੱਗਣ ਕਾਰਨ ਮੌਤ ਹੋ ਗਈ।

ਦੱਸਿਆ ਗਿਆ ਹੈ ਕਿ ਇਹ ਬੱਚਾ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਸਬਜ਼ੀ ਦੀ ਫੜੀ ਲਾਉਣ ਵਾਲੇ ਬੰਟੀ ਦਾ ਤਿੰਨ ਸਾਲਾ ਬੇਟਾ ਮੰਗਤ ਉਰਫ ਮੰਗੂ ਮੰਗਲਵਾਰ ਦੇਰ ਸ਼ਾਮ ਘਰੋਂ ਖੇਡਣ ਗਿਆ ਸੀ ਕਿ ਅਚਾਨਕ ਨਾਲੇ ਵਿੱਚ ਜਾ ਡਿੱਗਾ। ਕਾਫੀ ਦੇਰ ਤੱਕ ਬੱਚਾ ਘਰ ਨਾ ਮੁੜਿਆ ਤਾਂ ਪਰਵਾਰ ਨੇ ਲੱਭਣਾ ਸ਼ੁਰੂ ਕੀਤਾ। ਜਦ ਬੱਚਾ ਨਾ ਮਿਲਿਆ ਤਾਂ ਹੋਇਆ ਕਿ ਸ਼ਾਇਦ ਉਸ ਨੂੰ ਕੋਈ ਅਗਵਾ ਕਰ ਕੇ ਲੈ ਗਿਆ। ਇਸ ਪਿੱਛੋਂ ਆਸਪਾਸ ਲੱਗੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਦੇਖੀ ਤਾਂ ਕਰੀਬ ਦੋ ਘੰਟੇ ਬਾਅਦ ਪਤਾ ਲੱਗਾ ਕਿ ਮੰਗੂ ਨਾਲੇ ਵਿੱਚ ਡਿੱਗ ਗਿਆ ਹੈ। ਜਦ ਉਸ ਨੂੰ ਬਾਹਰ ਕੱਢਿਆ ਗਿਆ ਤਾਂ ਉਸ ਦੀ ਮੌਤ ਹੋ ਚੁੱਕੀ ਸੀ।

## ਕਦੀ ਚਾਰ ਪੈਸੇ ਦੇ ਕੇ ਵੋਟ ਅਧਿਕਾਰ ਲੈਣ ਵਾਲੇ ਲੋਕਾਂ ਲਈ ਅੱਜ ਰੈੱਡ ਕਾਰਪੈੱਟ ਵਿਛਦੈ

ਕਲਾਨੌਰ, 14 ਮਾਰਚ (ਪੋਸਟ ਬਿਊਰੋ)- ਭਾਰਤ ਨੂੰ ਆਜ਼ਾਦੀ ਮਿਲਣ ਵੇਲੇ ਤੋਂ ਲਗਾਤਾਰ ਵੋਟ ਪਾਉਂਦੇ ਆ ਰਹੇ ਬਜ਼ੁਰਗਾਂ ਦਾ ਕਹਿਣਾ ਹੈ ਓਦੋਂ ਲੋਕ ਚਾਰ ਪੈਸੇ ਦੇ ਕੇ ਵੋਟ ਬਣਵਾਉਂਦੇ ਸਨ। ਅੱਜ ਕੱਲ੍ਹ ਰੈੱਡ ਕਾਰਪੈੱਟ ਵਿਛਣ ਦੇ ਬਾਅਦ ਵੀ ਕਈ ਲੋਕ ਵੋਟ ਪਾਉਣ ਨਹੀਂ ਜਾਂਦੇ। ਉਨ੍ਹਾਂ ਦਾ ਮੰਨਣਾ ਹੈ ਕਿ ਓਦੋਂ ਲੋਕ ਸੇਵਾ ਭਾਵਨਾ ਨਾਲ ਸਿਆਸਤ ਵਿੱਚ ਆਇਆ ਕਰਦੇ ਸਨ, ਪਰ ਅੱਜ ਕੱਲ੍ਹ ਪੈਸਾ ਅਤੇ ਪਾਵਰ ਹਾਸਲ ਕਰਨ ਲਈ ਸੱਤਾ ਵਿੱਚ ਆ ਰਹੇ ਸਨ।

ਗੁਰਦਾਸਪੁਰ ਜ਼ਿਲੇ ਦੇ ਪਿੰਡ ਅਰਲੀਭੰਨ ਦੇ ਦੀਵਾਨ ਸਿੰਘ (94) ਨੇ ਦੱਸਿਆ ਕਿ ਆਜ਼ਾਦੀ ਤੋਂ ਪਹਿਲਾਂ ਚਾਰ ਪੈਸੇ ਜਮ੍ਹਾ ਕਰਵਾ ਕੇ ਵੋਟ ਦਾ ਹੱਕ ਲਿਆ ਜਾਂਦਾ ਸੀ। ਉਨ੍ਹਾਂ ਪਹਿਲੀ ਵਾਰ 1954 ਵਿੱਚ ਆਪਣੇ ਨਾਨਕੇ ਪਿੰਡ ਕੋਟਲੀ ਬਾਜਵਾ ਵਿੱਚ ਆਪਣੇ ਨਾਨੇ ਗੁਰਬਚਨ ਸਿੰਘ ਨੂੰ ਵੋਟ ਪਾਈ ਸੀ। ਉਹ ਪਿੰਡ ਅੱਜ ਕੱਲ੍ਹ ਪਾਕਿਸਤਾਨ ਵਿੱਚ ਹੈ। ਆਜ਼ਾਦੀ ਦੇ ਬਾਅਦ ਉਨ੍ਹਾਂ ਨੇ ਚਾਰ ਪੈਸੇ ਪਟਵਾਰੀ ਨੂੰ ਜਮ੍ਹਾ ਕਰ ਕੇ ਵੋਟ ਅਧਿਕਾਰ ਪ੍ਰਾਪਤ ਕੀਤਾ ਸੀ। ਜਿਨ੍ਹਾਂ ਲੋਕਾਂ ਕੋਲ ਚਾਰ ਪੈਸੇ ਨਹੀਂ ਹੁੰਦੇ ਸਨ, ਉਹ ਵੋਟ ਅਧਿਕਾਰ ਪ੍ਰਾਪਤ ਨਹੀਂ ਕਰ ਸਕਦੇ ਸਨ।

ਕਸਬਾ ਕਲਾਨੌਰ ਦੇ 101 ਸਾਲਾ ਕਰਨੈਲ ਸਿੰਘ ਖੱਦਰ ਨੇ ਦੱਸਿਆ ਕਿ ਭਾਰਤ-ਪਾਕਿ ਵੰਡ ਤੋਂ ਪਹਿਲਾਂ ਵੋਟ ਦਾ ਅਧਿਕਾਰ ਅਮੀਰ ਲੋਕਾਂ ਤੇ ਜਿਮੀਂਦਾਰਾਂ ਕੋਲ ਹੁੰਦਾ ਸੀ। ਓਦੋਂ ਪੰਚਾਇਤਾਂ ਦੀ ਚੋਣ ਵੀ ਸਾਰੇ ਪਿੰਡ ਵਿੱਚ ਦੋ ਧਿਰਾਂ ਦੇ ਲੋਕਾਂ ਦੀ ਗਿਣਤੀ ਦੇ ਮੁਤਾਬਕ ਹੁੰਦੀ ਸੀ। 1935 ਦੇ ਕਰੀਬ ਉਨ੍ਹਾਂ ਦੇ ਵੱਡੇ ਭਰਾ ਕਾਮਰੇਡ ਸਾਧੂ ਸਿੰਘ ਖੱਦਰ ਪਿੰਡ ਖੱਦਰ ਦੇ ਸਰਪੰਚ ਬਣੇ ਸਨ। ਨੇੜਲੇ ਪਿੰਡ ਬਰਲੀਨ, ਨਾਹਰਪੁਰ ਅਤੇ ਬਰੀਲਾ ਕਲਾਂ ਅਤੇ ਬਰੀਲਾ ਵੀ ਉਨ੍ਹਾਂ ਦੇ ਪਿੰਡ ਦੀ ਪੰਚਾਇਤ ਨਾਲ ਜੁੜੇ ਹੋਏ ਸਨ। ਇਨ੍ਹਾਂ ਸਾਰੇ ਪਿੰਡਾਂ ਦੀ ਵੋਟਿੰਗ ਪਿੰਡ ਨਾਹਰਪੁਰ ਖੱਦਰ ਵਿੱਚ ਹੋਈ। ਦੋਵਾਂ ਧਿਰਾਂ ਨੇ ਆਪਣੇ ਪੱਖ ਦੇ ਲੋਕਾਂ ਨੂੰ ਲਾਈਨਾਂ ਵਿੱਚ ਖੜ੍ਹਾ ਕਰ ਦਿੱਤਾ ਤਾਂ ਗਿਣਤੀ ਪਿੱਛੋਂ ਵੱਧ ਲੋਕਾਂ ਵਾਲੇ ਨੂੰ ਜੇਤੂ ਐਲਾਨ ਦਿੱਤਾ ਜਾਂਦਾ ਸੀ।

## ਭਾਜਪਾ ਅੰਮ੍ਰਿਤਸਰ ਤੋਂ ਹਰਦੀਪ ਸਿੰਘ ਪੁਰੀ ਉੱਤੇ ਦਾਅ ਖੇਡਣ ਦੇ ਰੌਂਅ ਵਿੱਚ

ਲੁਧਿਆਣਾ, 14 ਮਾਰਚ (ਪੋਸਟ ਬਿਊਰੋ)- ਕੇਂਦਰ ਸਰਕਾਰ ਦੇ ਰਿਹਾਇਸ਼ ਅਤੇ ਸ਼ਹਿਰੀ ਕਾਰਜ ਰਾਜ ਮੰਤਰੀ (ਆਜ਼ਾਦ ਚਾਰਜ) ਹਰਦੀਪ ਸਿੰਘ ਪੁਰੀ ਸ਼ਾਇਦ ਇਸ ਵਾਰੀ ਅੰਮ੍ਰਿਤਸਰ ਸੀਟ ਤੋਂ ਭਾਰਤੀ ਜਨਤਾ ਪਾਰਟੀ ਦੇ ਪਾਰਲੀਮੈਂਟ ਲਈ ਉਮੀਦਵਾਰ ਹੋ ਸਕਦੇ ਹਨ। ਪਾਰਟੀ ਸੂਤਰਾਂ ਮੁਤਾਬਕ ਭਾਜਪਾ ਇਸ ਕੇਂਦਰੀ ਮੰਤਰੀ 'ਤੇ ਦਾਅ ਖੇਡਣ ਦੇ ਰੌਂਅ ਵਿੱਚ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸ਼ਵੇਤ ਮਲਿਕ ਅਤੇ ਇਸੇ ਸੀਟ 'ਤੇ ਉਪ ਚੋਣ ਹਾਰੇ ਹੋਏ ਰਾਜਿੰਦਰ ਮੋਹਨ ਸਿੰਘ ਛੀਨਾ ਦਾ ਨਾਂਅ ਵੀ ਚੱਲ ਰਿਹਾ ਹੈ। ਪਾਰਟੀ ਦਾ ਪ੍ਰਮੁੱਖ ਸਿੱਖ ਚਿਹਰਾ ਹੋਣ ਕਾਰਨ ਪੁਰੀ ਦਾ ਨਾਂਅ ਸਾਹਮਣੇ ਆਇਆ ਹੈ। ਉਹ ਉਤਰ ਪ੍ਰਦੇਸ਼ ਤੋਂ ਪਾਰਟੀ ਵੱਲੋਂ ਰਾਜ ਸਭਾ ਦੇ ਮੈਂਬਰ ਬਣਾਏ ਗਏ ਸਨ।

ਵਰਨਣ ਯੋਗ ਹੈ ਕਿ ਭਾਜਪਾ ਕੇਂਦਰ ਦੀ ਸਰਕਾਰ ਦੋਬਾਰਾ ਬਣਾਉਣ ਦੇ ਲਈ ਕੋਈ ਕਸਰ ਨਹੀਂ ਛੱਡਣਾ ਚਾਹੁੰਦੀ। ਹਰ ਸੀਟ 'ਤੇ ਪਾਰਟੀ ਅਜਿਹੇ ਉਮੀਦਵਾਰ ਖੜ੍ਹੇ ਕਰਨਾ ਚਾਹੁੰਦੀ ਹੈ, ਜੋ ਯਕੀਨੀ ਜਿੱਤ ਸਕਣ। ਇਸੇ ਲਈ ਅੰਮ੍ਰਿਤਸਰ ਤੋਂ ਹਰਦੀਪ ਸਿੰਘ ਪੁਰੀ ਨੂੰ ਖੜ੍ਹਾ ਕਰਨ ਦੀ ਚਰਚਾ ਹੈ। ਇਸ ਸੀਟ ਦੀ ਉਮੀਦਵਾਰੀ ਲਈ ਬਾਕੀ ਨੇਤਾ ਹਰਦੀਪ ਸਿੰਘ ਪੁਰੀ ਤੋਂ ਪਿੱਛੇ ਦੱਸੇ ਜਾਂਦੇ ਹਨ। ਉਹ ਪਿਛਲੇ ਸਾਲ ਓਦੋਂ ਖਾਸ ਚਰਚਾ ਵਿੱਚ ਆਏ ਸਨ, ਜਦੋਂ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਨੋਟਬੰਦੀ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਸਿਆਸੀ ਤੀਰ ਛੱਡੇ ਸਨ। ਇਸ ਦੌਰਾਨ ਹਰਦੀਪ ਸਿੰਘ ਪੁਰੀ ਢਾਲ ਬਣ ਕੇ ਮੋਦੀ ਦੇ ਮੂਹਰੇ ਖੜੋਤੇ ਅਤੇ ਉਨ੍ਹਾਂ ਨੇ ਡਾਕਟਰ ਮਨਮੋਹਨ ਸਿੰਘ 'ਤੇ ਸਵਾਲ ਖੜ੍ਹੇ ਕਰ ਦਿੱਤੇ ਸਨ। ਹਰਦੀਪ ਸਿੰਘ ਪੁਰੀ ਪਹਿਲਾਂ ਭਾਰਤੀ ਵਿਦੇਸ਼ ਸੇਵਾ ਦੇ ਅਧਿਕਾਰੀ ਰਹਿ ਚੁੱਕੇ ਹਨ। ਆਪਣੇ ਕਾਰਜਕਾਲ ਵੇਲੇ ਉਹ ਯੂ ਐਨ ਓ ਵਿੱਚ ਭਾਰਤ ਦੇ ਸਥਾਈ ਦੂਤ ਵਜੋਂ ਸੇਵਾਵਾਂ ਦੇ ਚੁੱਕੇ ਹਨ।

## ਸੇਵਾਮੁਕਤ ਪ੍ਰੋਫੈਸਰ ਦੀ ਸਾਰੀ ਉਮਰ ਦੀ ਕਮਾਈ ਮੰਤਰੀ ਦਾ ਭਰਾ ਲੁੱਟ ਕੇ ਲੈ ਗਿਆ

ਜਲੰਧਰ, 14 ਮਾਰਚ (ਪੋਸਟ ਬਿਊਰੋ)- ਉਮਰ ਭਰ ਇਮਾਨਦਾਰੀ ਤੇ ਸਖਤ ਮਿਹਨਤ ਨਾਲ ਕਾਲਜ 'ਚ ਵਿੱਦਿਆ ਵੰਡਦੇ ਰਹੇ ਸੇਵਾ ਮੁਕਤ ਪ੍ਰੋਫੈਸਰ ਦੀ ਉਮਰ ਭਰ ਦੀ ਕਮਾਈ ਪੰਜਾਬ ਦੇ ਕੈਬਨਿਟ ਮੰਤਰੀ ਦਾ ਜਾਅਲਸਾਜ਼ ਭਰਾ ਤੇ ਪੁੱਤਰ ਲੁੱਟ ਕੇ ਲੈ ਗਏ ਹਨ। ਕਰਜ਼ਾ ਲੈਣ ਦਾ ਝਾਂਸਾ ਦੇ ਕੇ ਲਏ ਗਏ ਪੈਸੇ ਵਾਪਸ ਕਰਨ ਦੀ ਥਾਂ ਉਹ ਪੀੜਤ ਪ੍ਰੋਫੈਸਰ ਨੂੰ ਧਮਕੀਆਂ ਦੇ ਰਹੇ ਹਨ ਤੇ ਆਪਣੇ ਮੰਤਰੀ ਭਰਾ ਦਾ ਰੋਹਬ ਪਾ ਕੇ ਧਮਕਾ ਰਹੇ ਹਨ।




ਇਸ ਲੁੱਟ ਦਾ ਸ਼ਿਕਾਰ ਹੋਏ ਸੇਵਾ-ਮੁਕਤ ਪ੍ਰੋਫੈਸਰ ਮਹਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਦੇ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਭਰਾ ਮਨਮੋਹਨ ਸਿੰਘ ਉਸ ਨੂੰ ਕਿਸੇ ਵਾਕਫ ਦੇ ਰਾਹੀਂ ਅਗਸਤ 2014 ਵਿੱਚ ਮਿਲਿਆ ਸੀ। ਮਨਮੋਹਨ ਸਿੰਘ ਨੇ ਕਾਰੋਬਾਰ ਚਲਾਉਣ ਲਈ ਸੇਵਾ ਮੁਕਤੀ ਸਮੇਂ ਮਿਲੇ ਪੈਸੇ ਉਸ ਨੂੰ ਵਿਆਜ ਉਤੇ ਦੇਣ ਨੂੰ ਮਨਾ ਲਿਆ। ਪ੍ਰੋਫੈਸਰ ਮਹਿੰਦਰ ਸਿੰਘ ਨੇ ਮਨਮੋਹਨ ਸਿੰਘ ਅਤੇ ਉਸ ਦੇ ਪੁੱਤਰ ਗੁਰਪ੍ਰੀਤ ਸਿੰਘ ਨਾਲ ਲਿਖਤੀ ਸਮਝੌਤਾ ਕਰਕੇ 70 ਲੱਖ ਰੁਪਏ ਦੋ ਚੈਕਾਂ ਰਾਹੀਂ ਦਿੱਤੇ। ਮਨਮੋਹਨ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਲਿਖਤੀ ਐਗਰੀਮੈਂਟ ਕੀਤਾ ਸੀ ਕਿ 28 ਫਰਵਰੀ 2015 ਤੱਕ ਉਹ ਵਿਆਜ਼ ਸਮੇਤ ਸਾਰੀ ਰਕਮ ਵਾਪਸ ਕਰ ਦੇਣਗੇ। ਪ੍ਰੋ. ਮਹਿੰਦਰ ਸਿੰਘ ਨੇ ਦੱਸਿਆ ਕਿ ਉਕਤ ਵਿਅਕਤੀਆਂ ਨੇ ਨਾ ਵਿਆਜ਼ ਦਿੱਤਾ ਤੇ ਨਾ ਰਕਮ ਵਾਪਸ ਕੀਤੀ। ਫਿਰ ਕੁਝ ਮੋਹਤਬਰਾਂ ਨੇ ਵਿੱਚ ਪੈ ਕੇ 70 ਲੱਖ ਰੁਪਏ ਸੁਰੱਖਿਅਤ ਕਰਨ ਦੀ ਮਨਮੋਹਨ ਸਿੰਘ ਤੇ ਗੁਰਪ੍ਰੀਤ ਸਿੰਘ ਦੀ ਪਿੰਡ ਸਹੋਰਾ ਵਿਚਲੀ ਇਕ ਵਿਘਾ 9 ਬਿਸਵੇ ਜ਼ਮੀਨ ਦਾ ਇਕਰਾਰਨਾਮਾ ਪ੍ਰੋ. ਮਹਿੰਦਰ ਸਿੰਘ ਦੇ ਨਾਂਅ ਕਰਵਾ ਦਿੱਤਾ। ਇਸ ਦੀ ਕਾਪੀ ਉਪਰ ਪੈਸੇ ਲੈਣ ਵਾਲੇ ਦੋਵੇਂ ਪਿਉ-ਪੁੱਤ ਦੇ ਦਸਖਤ ਹਨ, ਪਰ ਉਨ੍ਹਾਂ ਦੀ ਨੀਤ ਵਿੱਚ ਖੋਟ ਹੋਣ ਕਾਰਨ ਉਨ੍ਹਾਂ ਕੁਝ ਸਮੇਂ ਲਈ ਵਿਆਜ ਦਿੱਤਾ ਅਤੇ ਕੁਝ ਰਕਮ ਮੋੜੀ, ਪਰ ਫਿਰ ਨਾ ਕਦੇ ਵਿਆਜ ਦਿੱਤਾ ਤੇ ਨਾ ਮੂਲ ਰਕਮ ਦੀ ਕੋਈ ਕਿਸ਼ਤ ਵਾਪਸ ਕੀਤੀ ਹੈ। ਪੀੜਤ ਨੇ ਦੱਸਿਆ ਕਿ ਇਸ ਵੇਲੇ 60 ਲੱਖ ਰੁਪਏ ਦੇ ਕਰੀਬ ਰਕਮ ਬਣਦੀ ਹੈ, ਪਰ ਪਿਉ ਪੁੱਤਰ ਉਨ੍ਹਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ। ਉਨ੍ਹਾਂ ਕਿਹਾ ਕਿ ਪਿਛਲੇ ਮਹੀਨੇ ਉਕਤ ਵਿਅਕਤੀਆਂ ਨੂੰ ਕਾਨੂੰਨੀ ਨੋਟਿਸ ਭੇਜਿਆ ਸੀ, ਜਿਸ ਦਾ ਉਨ੍ਹਾਂ ਕੋਈ ਉਤਰ ਨਹੀਂ ਦਿੱਤਾ।

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741



A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344







## ਮੁਜ਼ੱਫਰਨਗਰ ਦੰਗਿਆਂ ਦਾ ਚਸ਼ਮਦੀਦ ਗਵਾਹ ਮਾਰ ਦਿੱਤਾ ਗਿਆ

ਮੁਜ਼ੱਫਰਨਗਰ, 14 ਮਾਰਚ (ਪੋਸਟ ਬਿਊਰੋ)- ਮੁਜ਼ੱਫਰਨਗਰ ਦੰਗਿਆਂ 'ਚ ਆਪਣੇ ਦੋ ਭਰਾਵਾਂ ਦੇ ਕਤਲ ਦੇ ਚਸ਼ਮਦੀਦ ਗਵਾਹ ਦਾ ਇਥੇ ਖਤੌਲੀ 'ਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ।

ਵਰਨਣ ਯੋਗ ਹੈ ਕਿ ਮੁਜ਼ੱਫਰਨਗਰ ਅਤੇ ਆਸਪਾਸ ਦੇ ਇਲਾਕਿਆਂ 'ਚ ਅਗਸਤ ਅਤੇ ਸਤੰਬਰ 2013 'ਚ ਹੋਏ ਫਿਰਕੂ ਦੰਗਿਆਂ 'ਚ 60 ਤੋਂ ਵੱਧ ਲੋਕਾਂ ਦੀ ਜਾਨ ਗਈ ਅਤੇ 40 ਹਜ਼ਾਰ ਤੋਂ ਵੱਧ ਲੋਕ ਉਜੜੇ ਸਨ। ਪੁਲਸ ਅਧਿਕਾਰੀ ਆਸ਼ੀਸ਼ ਕੁਮਾਰ ਨੇ ਕਿਹਾ ਕਿ ਕੇਸ ਦੇ ਚਸ਼ਮਦੀਦ ਗਵਾਹ ਅਸ਼ਫਾਕ ਦਾ ਸੋਮਵਾਰ ਖਤੌਲੀ 'ਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਅਸ਼ਫਾਕ ਦੇ ਭਰਾਵਾਂ ਦਾ ਕਤਲ ਕਰਨ ਲਈ ਅੱਠ ਜਣਿਆਂ 'ਤੇ ਕੇਸ ਚੱਲ ਰਿਹਾ ਹੈ ਤੇ ਇਸ ਵਿੱਚ ਅਗਲੀ ਸੁਣਵਾਈ 25 ਮਾਰਚ ਨੂੰ ਹੋਣੀ ਹੈ। ਉਨ੍ਹਾਂ ਕਿਹਾ ਕਿ ਪੁਲਸ ਗੋਲੀ ਚਲਾਉਣ ਦਾ ਪਤਾ ਕਰਨ ਲਈ ਸੀ ਸੀ ਟੀ ਵੀ ਫੁਟੇਜ ਵੇਖ ਰਹੀ ਹੈ। ਅਸ਼ਫਾਕ ਦਾ ਕਤਲ ਉਦੋਂ ਕੀਤਾ ਗਿਆ ਜਦੋਂ ਉਹ ਦੁੱਧ ਪਾਉਣ ਜਾ ਰਿਹਾ ਸੀ। ਉਹ ਦੰਗਿਆਂ ਦੌਰਾਨ ਮਾਰੇ ਗਏ ਆਪਣੇ ਦੋ ਭਰਾਵਾਂ ਨਵਾਬ ਅਤੇ ਸ਼ਾਹਿਦ ਦੇ ਕਤਲ ਦਾ ਗਵਾਹ ਸੀ ਤੇ ਇਸ ਤੋਂ ਪਹਿਲਾਂ ਉਸ ਨੂੰ ਮਾਮਲਾ ਵਾਪਸ ਨਾ ਲੈਣ 'ਤੇ ਖਤਰਨਾਕ ਨਤੀਜੇ ਭੁਗਤਣ ਦੀਆਂ ਧਮਕੀਆਂ ਮਿਲ ਚੁੱਕੀਆਂ ਸਨ। ਦੱਸਿਆ ਜਾ ਰਿਹਾ ਹੈ ਕਿ ਅਸ਼ਫਾਕ ਨੇ ਧਮਕੀਆਂ ਮਿਲਣ ਮਗਰੋਂ ਪੁਲਸ ਤੋਂ ਸੁਰੱਖਿਆ ਵੀ ਮੰਗੀ ਸੀ।

## ਪੰਸਾਰੇ ਹੱਤਿਆ ਕਾਂਡ ਉੱਤੇ ਮਹਾਰਾਸ਼ਟਰ ਸਰਕਾਰ ਨੂੰ ਫਿਰ ਝਾੜ ਪਈ

ਮੁੰਬਈ, 14 ਮਾਰਚ (ਪੋਸਟ ਬਿਊਰੋ)- ਬੰਬੇ ਹਾਈ ਕੋਰਟ ਨੇ ਅੱਜ ਵੀਰਵਾਰ ਨੂੰ ਕਿਹਾ ਕਿ ਬੁੱਧੀਜੀਵੀ ਗੋਵਿੰਦ ਪੰਸਾਰੇ ਦੀ ਹੱਤਿਆ ਦੀ ਜਾਂਚ ਵਿੱਚ ਮਾਮੂਲੀ ਢੰਗ ਅਪਣਾ ਕੇ ਸਰਕਾਰ ਨੇ ਖ਼ੁਦ ਨੂੰ ਮਜ਼ਾਕ ਦਾ ਵਿਸ਼ਾ ਬਣਾ ਲਿਆ ਹੈ। ਅਦਾਲਤ ਨੇ ਕਿਹਾ ਕਿ ਰਾਜ ਸਰਕਾਰ ਚੁੱਪ-ਚਾਪ ਤਮਾਸ਼ਾ ਨਹੀਂ ਦੇਖ ਸਕਦੀ, ਜੇ ਤੁਸੀਂ (ਨੇਤਾ) ਆਪਣੇ ਲੋਕਾਂ ਦੀ ਰਾਖੀ ਹੀ ਨਹੀਂ ਕਰ ਸਕਦੇ ਤਾਂ ਤੁਹਾਨੂੰ ਕੋਈ ਚੋਣ ਨਹੀਂ ਲੜਨੀ ਚਾਹੀਦੀ।

ਜਸਟਿਸ ਐੱਸ ਸੀ ਧਰਮਾਧਿਕਾਰੀ ਅਤੇ ਜਸਟਿਸ ਬੀ ਪੀ ਕੋਲਾਬਾਵਾਲਾ ਦੀ ਅਗਵਾਈ ਵਾਲੇ ਬੈਂਚ ਨੇ ਅੱਜ ਵਾਲੀ ਸੁਣਵਾਈ ਮੌਕੇ ਮਹਾਰਾਸ਼ਟਰ ਦੇ ਗ੍ਰਹਿ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਨੂੰ 28 ਮਾਰਚ ਨੂੰ ਤਲਬ ਕੀਤਾ ਹੈ ਤਾਂ ਜੋ ਉਹ ਕੇਸ ਦੀ ਸੁਸਤ ਰਫ਼ਤਾਰ ਬਾਰੇ ਪੁੱਛ ਸਕਣ। ਬੈਂਚ ਨੇ ਕਿਹਾ ਕਿ ਮਹਾਰਾਸ਼ਟਰ ਵਰਗੇ ਪ੍ਰਗਤੀਸ਼ੀਲ ਸੂਬੇ ਨੂੰ ਆਪਣੇ ਵਿਚਾਰਕਾਂ ਤੇ ਬੁੱਧੀਜੀਵੀਆਂ ਉਤੇ ਮਾਣ ਹੋਣਾ ਚਾਹੀਦਾ ਹੈ, ਸਰਕਾਰ ਨੂੰ ਦਬਾਅ ਮਹਿਸੂਸ ਹੋਣਾ ਚਾਹੀਦਾ ਹੈ, ਉਸ ਨੂੰ ਕੁਝ ਦਿਨਾਂ ਵਿੱਚ ਇਸ ਦੇ ਸਿੱਟੇ ਭੁਗਤਣੇ ਪੈਣਗੇ। ਅਦਾਲਤ ਨੇ ਕਿਹਾ ਕਿ ਅਕਸਰ ਪੁਲਿਸ ਇਨ੍ਹਾਂ ਗੱਲਾਂ ਤੋਂ ਬਚ ਨਿਕਲਦੀ ਹੈ। ਕੋਈ ਮੈਮੋ ਜਾਰੀ ਨਹੀਂ ਕੀਤਾ ਗਿਆ, ਕੋਈ ਸਪੱਸ਼ਟੀਕਰਨ ਨਹੀਂ ਮੰਗਿਆ ਗਿਆ। ਜੱਜ ਨੇ ਕਿਹਾ ਕਿ ਜੇ ਕਤਲ ਦੀ ਜਾਂਚ ਅਦਾਲਤ ਦੇ ਦਖ਼ਲ ਉੱਤੇ ਹੀ ਹੋਵੇਗੀ, ਕੇਸ ਦਰ ਕੇਸ, ਨਿਆਂ ਪਾਲਿਕਾ ਹੀ ਅੰਤਮ ਉਪਾਅ ਹੈ ਤਾਂ ਇਹ ਬੇਹੱਦ ਦੁਖਦਾਈ ਹੈ। ਅਸੀਂ ਸਮਾਜ ਨੂੰ



ਕੀ ਸੰਦੇਸ਼ ਦੇ ਰਹੇ ਹਾਂ?

ਵਰਨਣ ਯੋਗ ਹੈ ਕਿ ਪੰਸਾਰੇ ਕੇਸ ਵਿੱਚ ਮਹਾਰਾਸ਼ਟਰ ਸੀ ਆਈ ਡੀ ਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵੱਲੋਂ ਪੇਸ਼ ਕੀਤੀ ਪ੍ਰਗਤੀ ਰਿਪੋਰਟ ਨੂੰ ਪੜ੍ਹ ਕੇ ਅਦਾਲਤ ਦਾ ਗੁੱਸਾ ਭੜਕ ਗਿਆ ਤੇ ਜੱਜਾਂ ਨੇ ਕਿਹਾ ਕਿ ਦੋ ਫ਼ਰਾਰ ਦੋਸ਼ੀਆਂ ਦੀ ਖੋਜ ਲਈ ਉਨ੍ਹਾਂ ਦੇ ਰਿਸ਼ਤੇਦਾਰਾਂ ਤੋਂ ਕੀਤੀ ਪੁੱਛਗਿੱਛ ਮੁਤਾਬਕ ਇਨ੍ਹਾਂ ਵਿਚੋਂ ਇਕ ਜਣੇ ਦੀ ਮਹਾਰਾਸ਼ਟਰ ਵਿੱਚ ਇਕ ਅਚਲ ਜਾਇਦਾਦ ਹੈ, ਇਸ ਲਈ ਉਸ ਦਾ ਪਤਾ ਲਾਉਣ ਲਈ ਪੁਲਿਸ ਓਥੇ ਗਈ। ਬੈਂਚ ਨੇ ਕਿਹਾ ਕਿ ਐੱਸ ਆਈ ਟੀ ਨੂੰ ਸੋਚਣਾ ਚਾਹੀਦਾ ਹੈ ਕਿ ਕਤਲ ਹੋਇਆਂ ਚਾਰ ਸਾਲ ਹੋ ਗਏ ਤਾਂ ਅਪਰਾਧੀ ਹਾਲੇ ਤਕ ਇਸੇ ਸੂਬੇ ਵਿਚ ਜਾਂ ਕ੍ਰਾਈਮ ਸਪਾਟ ਦੇ ਕੋਲ ਨਹੀਂ ਰਹੇਗਾ। ਉਨ੍ਹਾਂ ਨੂੰ ਦੇਸ਼ ਵਿਚ ਉਸ ਦੀ ਤਲਾਸ਼ ਕਰਨ ਤੋਂ ਕੌਣ ਰੋਕਦਾ ਹੈ? ਕਿਸੇ ਦੀ ਇਕ ਜਾਇਦਾਦ ਹੋਣ ਦਾ ਇਹ ਮਤਲਬ ਨਹੀਂ ਕਿ ਉਹ ਓਥੇ ਆਸਪਾਸ ਹੀ ਰਹੇਗਾ। ਤੁਸੀਂ ਜੋ ਛੋਟੇ-ਮੋਟੇ ਕਦਮ ਚੁੱਕੇ ਹਨ, ਉਸ ਨਾਲ ਤੁਹਾਡਾ ਮਜ਼ਾਕ ਬਣ ਗਿਆ ਹੈ। ਤੁਸਾਂ ਲੋਕਾਂ ਕਾਰਨ ਜਨਤਾ ਵਿਚ ਇਹ ਸੰਦੇਸ਼ ਜਾਂਦਾ ਹੈ ਕਿ ਕੁਝ ਲੋਕ ਬਚ ਕੇ ਨਿਕਲ ਸਕਦੇ ਹਨ ਜਾਂ ਜਾਂਚ ਤੋਂ ਬਚ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਸਰਪ੍ਰਸਤੀ ਹੁੰਦੀ ਹੈ।

## ਰਾਜਾਂ ਦੀ ਪੁਲਸ ਦੇ ਮੁਖੀਆਂ ਦੀ ਨਿਯੁਕਤੀ ਬਾਰੇ ਸੁਪਰੀਮ ਕੋਰਟ ਨੇ ਨਵੇਂ ਆਦੇਸ਼ ਦਿੱਤੇ

* ਛੇ ਮਹੀਨੇ ਬਕਾਇਆ ਨੌਕਰੀ ਵਾਲੇ ਵੀ ਲੱਗ ਸਕਣਗੇ

ਨਵੀਂ ਦਿੱਲੀ, 14 ਮਾਰਚ (ਪੋਸਟ ਬਿਊਰੋ)- ਪਿਛਲੇ ਸਾਲ ਪੁਲਸ ਸੁਧਾਰਾਂ ਬਾਰੇ ਦਿੱਤੇ ਆਪਣੇ ਹੁਕਮਾਂ ਬਾਰੇ ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਹੈ ਘੱਟੋ-ਘੱਟ ਛੇ ਮਹੀਨੇ ਬਾਕੀ ਬਚੇ ਕਾਰਜਕਾਲ ਵਾਲੇ ਪੁਲਸ ਅਫਸਰਾਂ ਨੂੰ ਵੀ ਕਿਸੇ ਰਾਜ ਵਿੱਚ ਪੁਲਸ ਮੁਖੀ ਦੇ ਅਹੁਦੇ ਲਈ ਵਿਚਾਰਿਆ ਜਾ ਸਕਦਾ ਹੈ।

ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਡੀ ਜੀ ਪੀ ਦੇ ਅਹੁਦੇ ਲਈ ਸਿਫਾਰਸ਼ ਅਤੇ ਨਿਯੁਕਤੀ ਕਰਨ ਵਾਲੇ ਪੈਨਲ ਦਾ ਗਠਨ ਪੂਰੀ ਤਰ੍ਹਾਂ ਮੈਰਿਟ ਦੇ ਆਧਾਰ ਉਤੇ ਕੀਤੀ ਜਾਵੇ। ਸੁਪਰੀਮ ਕੋਰਟ ਨੇ ਇਹ ਫੈਸਲਾ ਉਤਰ ਪ੍ਰਦੇਸ਼ ਦੇ ਸਾਬਕਾ ਡੀ ਜੀ ਪੀ ਪ੍ਰਕਾਸ਼ ਸਿੰਘ ਵੱਲੋਂ ਕੀਤੀ ਗਈ ਅਪੀਲ 'ਤੇ ਦਿੱਤਾ ਹੈ। ਉਨ੍ਹਾਂ ਦੋਸ਼



ਲਾਇਆ ਸੀ ਕਿ ਤਿੰਨ ਜੁਲਾਈ 2018 ਦੇ ਜਿਸ ਨਿਰਦੇਸ਼ ਨਾਲ ਯੂ ਪੀ ਐਸ ਸੀ ਵੱਲੋਂ ਸਿਰਫ ਉਨ੍ਹਾਂ ਅਧਿਕਾਰੀਆਂ ਨੂੰ ਡੀ ਜੀ ਪੀ ਅਹੁਦੇ ਲਈ ਵਿਚਾਰਿਆ ਜਾਵੇ, ਜਿਨ੍ਹਾਂ ਕੋਲ ਦੋ ਸਾਲਾਂ ਦੀ ਸੇਵਾ ਬਚਦੀ ਹੈ, ਦੀ ਰਾਜ ਸਰਕਾਰਾਂ ਵੱਲੋਂ ਗਲਤ ਵਰਤੋਂ ਕੀਤੀ ਜਾ ਰਹੀ ਹੈ ਅਤੇ ਇਹ ਸੀਨੀਅਰ ਅਧਿਕਾਰੀਆਂ ਨੂੰ ਡੀ ਜੀ ਪੀ ਵਜੋਂ ਨਿਯੁਕਤ ਕਰਨ ਬਾਰੇ ਅਣਦੇਖੀ ਲਈ ਮੁੱਦਾ ਬਣਦੀ ਹੈ। ਅਦਾਲਤ ਨੇ ਪਿਛਲੇ ਸਾਲ ਜੁਲਾਈ ਵਿੱਚ ਪੁਲਸ ਸੁਧਾਰਾਂ ਬਾਰੇ ਕੁਝ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ ਤੇ ਸਾਰੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਕਿਸੇ ਪੁਲਸ ਅਧਿਕਾਰੀ ਨੂੰ ਐਕਟਿੰਗ ਡੀ ਜੀ ਪੀ ਵਜੋਂ ਨਿਯੁਕਤ ਕਰਨ ਤੋਂ ਰੋਕ ਦਿੱਤਾ ਸੀ ਤਾਂ ਕਿ ਇਨ੍ਹਾਂ ਉਚ ਪੱਧਰੀ ਨਿਯੁਕਤੀਆਂ ਵਿੱਚ ਕਿਸੇ ਪੱਖਪਾਤ ਨੂੰ ਰੋਕਿਆ ਜਾ ਸਕੇ। ਸਾਬਕਾ ਡੀ ਜੀ ਪੀ ਦੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਬਿਹਾਰ ਦੇ ਡੀ ਜੀ ਪੀ ਦੀ ਮਿਸਾਲ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਅਸਤੀਫਾ ਦੇ ਦਿੱਤਾ ਤੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ ਤੇ ਉਨ੍ਹਾਂ ਨੂੰ ਪੁਲਸ ਫੋਰਸ ਵਿੱਚ ਫਿਰ ਸ਼ਾਮਲ ਹੋ ਸਕਣ ਦੀ ਆਗਿਆ ਦੇ ਦਿੱਤੀ ਗਈ ਅਤੇ ਡੀ ਜੀ ਪੀ ਬਣਾ ਦਿੱਤਾ ਗਿਆ ਹੈ।

## ਮਹਿਬੂਬਾ ਕਹਿੰਦੀ: ਮੈਂ ਜਮਾਤੇ ਇਸਲਾਮੀ ਦੇ ਖਿਲਾਫ ਕਾਰਵਾਈ ਨਹੀਂ ਸੀ ਹੋਣ ਦਿੱਤੀ

ਜੰਮੂ, 14 ਮਾਰਚ (ਪੋਸਟ ਬਿਊਰੋ)- ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਅਤੇ ਪੀ ਡੀ ਪੀ ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਕਿਹਾ ਹੈ ਕਿ ਰਾਜ ਦੀ ਗੱਠਜੋੜ ਸਰਕਾਰ ਸਮੇਂ ਭਾਜਪਾ ਜਮਾਤ-ਏ-ਇਸਲਾਮੀ 'ਤੇ ਪਾਬੰਦੀ ਲਾਉਣਾ ਚਾਹੁੰਦੀ ਤੇ ਹੁਰੀਅਤ ਖਿਲਾਫ ਕਾਰਵਾਈ ਕਰਨਾ ਚਾਹੁੰਦੀ ਸੀ ਪ੍ਰੰਤੂ ਉਨ੍ਹਾਂ ਨੇ ਅਜਿਹਾ ਨਹੀਂ ਹੋਣ ਦਿੱਤਾ।

ਬਾਂਦੀਪੋਰਾ ਵਿੱਚ ਪਾਰਟੀ ਕਾਰਕੁੰਨਾਂ ਦੇ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਮਹਿਬੂਬਾ ਮੁਫਤੀ ਨੇ ਕਿਹਾ ਕਿ ਭਾਜਪਾ ਇਸ ਦੇਸ਼ ਦੀ ਕੌਮੀ ਜਾਂਚ ਏਜੰਸੀ ਰਾਹੀਂ ਵੱਖਵਾਦੀਆਂ ਨੂੰ ਦਬਾਉਣ ਦਾ ਯਤਨ ਕਰਨਾ ਚਾਹੁੰਦੀ ਸੀ, ਪ੍ਰੰਤੂ ਆਪਣੇ ਰਾਜ ਦੇ ਦੌਰਾਨ ਉਨ੍ਹਾਂ ਨੇ ਅਜਿਹੀ ਕਾਰਵਾਈ ਦੀ ਆਗਿਆ ਨਹੀਂ ਦਿੱਤੀ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਭਾਜਪਾ ਹੁਰੀਅਤ ਦੇ ਚੇਅਰਮੈਨ ਮੀਰਵਾਇਜ਼ ਉਮਰ ਫਾਰੂਕ ਅਤੇ ਸੱਯਦ ਅਲੀ ਸ਼ਾਹ ਗਿਲਾਨੀ 'ਤੇ ਕੌਮੀ ਜਾਂਚ ਏਜੰਸੀ ਰਾਹੀਂ ਛਾਪੇ ਮਾਰਨਾ



ਚਾਹੁੰਦੀ ਸੀ, ਪ੍ਰੰਤੂ ਉਨ੍ਹਾਂ ਨੇ ਅਜਿਹੀ ਕਾਰਵਾਈ ਦਾ ਵਿਰੋਧ ਕੀਤਾ ਸੀ। ਮਹਿਬੂਬਾ ਨੇ ਕਿਹਾ ਕਿ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਸਰਕਾਰ ਦੇ ਰਾਜ ਦੌਰਾਨ ਕਸ਼ਮੀਰ ਵਿੱਚ ਪੋਟਾ ਅਤੇ ਐਨ ਆਈ ਏ ਨੇ ਆਪਣੇ ਪੈਰ ਪਸਾਰੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਭਾਜਪਾ ਨੂੰ ਇਕ ਮਹੀਨੇ ਲਈ ਕਸ਼ਮੀਰ ਵਿੱਚ ਜੰਗਬੰਦੀ ਲਈ ਮਜਬੂਰ ਕੀਤਾ, ਪ੍ਰੰਤੂ ਅੱਤਵਾਦੀਆਂ ਨੇ ਇਸ ਨੂੰ ਸਫਲ ਨਹੀਂ ਹੋਣ ਦਿੱਤਾ। ਉਨ੍ਹਾਂ ਕਿਹਾ ਕਿ ਉਹ ਚਾਹੁੰਦੀ ਸੀ ਕਿ ਵੱਖਵਾਦੀਆਂ ਨਾਲ ਗੱਲਬਾਤ ਹੋਵੇ। 2016 'ਚ ਕਸ਼ਮੀਰ 'ਚ ਸੰਸਦੀ ਕਮੇਟੀ ਵੀ ਆਈ ਸੀ, ਪ੍ਰੰਤੂ ਵੱਖਵਾਦੀਆਂ ਨੇ ਆਪਣੇ ਦਰਵਾਜ਼ੇ ਬੰਦ ਕਰ ਦਿੱਤੇ ਸਨ।

### ਕੋਰੇਗਾਓਂ-ਭੀਮਾ ਕੇਸ:

## ਦਲਿਤਾਂ ਨੂੰ ਸਰਕਾਰ ਦਾ ਤਖਤ ਪਲਟਣ ਲਈ ਤਿਆਰ ਕਰਦੇ ਸਨ ਕਾਰਕੁਨ

